# *ਪ੍ਰਸ਼ਨ ਅਤੇ ਉੱਤਰ*
# *ਇਬਰਾਨੀਆਂ ਭਾਗ 1*

ਉਹ ਪਰਮੇਸ਼ੁਰ ਤੋਂ ਬਿਨਾਂ ਇਹ ਕਿਵੇਂ ਕਰ ਸਕਦੀ ਸੀ? ਇਹ ਇੱਕ ਅਸਲੀ ਹੋਵੇਗਾ, ਹੈ ਨਾ? ਪ੍ਰਭੂ ਤੋਂ ਬਿਨਾ ਨਹੀਂ ਹੋ ਸਕਦਾ ਸੀ।

ਮੈਂ ਉਨ੍ਹਾਂ ਸਾਰਿਆਂ ਵਿੱਚੋਂ ਪ੍ਰਚਾਰ ਨਹੀਂ ਕਰਨ ਜਾ ਰਿਹਾ ਹਾਂ। ਪਰ ਮੈਂ ਸੋਚਿਆ ਕਿ ਹੋ ਸਕਦਾ ਹੈ ਮੈਂ ਕਿਸੇ ਔਖੇ ਪ੍ਰਸ਼ਨ ਵਿੱਚ ਫ਼ਸ ਜਾਵਾਂ, ਤੁਸੀਂ ਜਾਣਦੇ ਹੋ, ਇਸ ਲਈ ਬਿਹਤਰ ਹੋਵੇਗਾ ਕਿ ਮੈਂ ਤਿਆਰ ਰਹਾਂ। ਪਰ, ਔਹ, ਇਹ ਬਹੁਤ ਹੀ, ਬਹੁਤ ਹੀ ਸੌਖਾ ਸੀ। ਇਸ ਲਈ ਹੋ ਸਕਦਾ ਹੈ ਕਿ ਲੋਕਾਂ ਵਿੱਚ ਬਹੁਤ ਸਾਰੇ ਪ੍ਰਸ਼ਨ ਨਾ ਹੋਣ, ਇਹ ਬਹੁਤ ਹੀ ਸਧਾਰਨ ਅਤੇ ਹਲਕੇ ਸਵਾਲ ਹਨ। ਖੈਰ, ਮੈਨੂੰ ਪ੍ਰਭੂ ਦੀ ਮਦਦ ਨਾਲ, ਉਨ੍ਹਾਂ ਨੂੰ ਸਭ ਤੋਂ ਵਧੀਆ ਜਵਾਬ ਦੇਣ ਦੀ ਕੋਸ਼ਿਸ਼ ਕਰਨ ਵਿੱਚ ਖੁਸ਼ੀ ਹੈ।

2 ਅਤੇ ਜੇਕਰ ਭੈਣ ਆਰਗਨਬ੍ਰਾਈਟ ਅੱਜ ਰਾਤ ਅੰਦਰ ਹੈ...ਭੈਣ ਰੂਥ। ਕੀ ਤੁਸੀਂ ਇੱਥੇ ਹੋ, ਭੈਣ ਰੂਥ? ਇੱਥੇ। ਮੇਰੇ ਕੋਲ ਹੈ...ਔਹ, ਹਾਂ, ਮੇਰੇ ਕੋਲ ਇੱਥੇ ਪਤਾ ਹੈ, ਅਤੇ...ਨਹੀਂ, ਮੇਰੇ ਕੋਲ ਨਹੀਂ ਹੈ। ਅੱਛਾ, ਮੈਂ ਇਸਨੂੰ ਇੱਥੋਂ ਲੈ ਸਕਦਾ ਹਾਂ। ਇਹ ਮੇਰੇ ਬੱਟੂਏ ਵਿੱਚ ਸੀ, ਅਤੇ ਮੈਂ ਆਪਣੇ ਬੱਟੂਏ ਨੂੰ ਘਰ ਛੱਡ ਆਇਆ ਹਾਂ। ਹੁਣ, ਜੇ ਪੁਲਿਸ ਮੈਨੂੰ ਘਰ ਜਾਂਦੇ ਹੋਏ ਫੜ ਲੈਂਦੀ ਹੈ, ਤਾਂ ਭਾਈ ਫਲੀਮੈਨ, ਤੁਸੀਂ ਮੇਰੇ ਬਚਾਅ ਲਈ ਆ ਜਾਣਾ। ਬਿਲੀ ਨੂੰ ਦੱਸਣਾ ਕਿ ਮੈਂ... ਆਪਣੇ ਬੱਟੂਏ ਨੂੰ ਘਰ ਛੱਡ ਆਇਆ ਹਾਂ, ਮੈਂ ਅੱਜ ਰਾਤ ਬਿਨਾਂ ਲਾਇਸੈਂਸ ਦੇ ਗੱਡੀ ਚਲਾ ਰਿਹਾ ਹਾਂ। ਅਤੇ ਮੈਂ ਸੋਚਿਆ ਕਿ ਇਹ ਮੇਰੀ ਜੇਬ ਵਿੱਚ ਸੀ; ਫਿਰ ਮੈਂ ਬਸ ਕੱਪੜੇ ਬਦਲ ਲਏ। ਮੈਂ ਅੱਜ ਦੁਪਹਿਰ, ਜਲਦੀ ਵਿੱਚ ਸੀ, ਤੇਜ਼ੀ ਨਾਲ ਕੁਝ ਘਾਹ ਕੱਟ ਰਿਹਾ ਸੀ ਅਤੇ ਮੈਨੂੰ ਛੱਡਣਾ ਪਿਆ ਅਤੇ ਜਲਦੀ ਨਾਲ ਅੰਦਰ ਜਾਣਾ ਪਿਆ, ਕੱਪੜੇ ਬਦਲੇ ਅਤੇ ਭੱਜ ਕੇ ਇੱਥੇ ਆ ਗਿਆ। ਅਤੇ ਮੈਂ—ਮੈਂ ਸ਼ਬਦਕੋਸ਼ ਲਿਆਂਦਾ ਹੈ, ਪਰ ਤੁਸੀਂ ਇਸ ਨੂੰ ਬਾਅਦ ਵਿੱਚ ਉਥੋਂ ਪ੍ਰਾਪਤ ਕਰ ਸਕਦੇ ਹੋ।

3 *ਉਸ* ਪੱਤਰ ਬਾਰੇ ਬੁਰਾ ਮਹਿਸੂਸ ਨਾ ਕਰੋ। ਜੇ ਮੈਨੂੰ ਇਸ ਤੋਂ ਮਾੜਾ ਕੋਈ ਨਹੀਂ ਮਿਲਿਆ, ਤਾਂ ਇਹ ਇਕ ਵਧੀਆ ਪੱਤਰ ਹੋਵੇਗਾ। ਇਹ ਚੰਗਾ ਸੀ। ਇਹ ਬਹੁਤ, ਬਹੁਤ ਵਧੀਆ ਸੀ। ਮੈਂ ਤੁਹਾਨੂੰ ਕਿਹਾ ਸੀ ਕਿ ਮੈਂ ਇਸਨੂੰ ਨਹੀਂ ਪੜ੍ਹਾਂਗਾ, ਪਰ ਮੈਂ ਇਸ ਤੇ ਫਿਸਲ ਗਿਆ, ਤੁਸੀਂ ਜਾਣਦੇ ਹੋ, ਅਤੇ ਬਸ ਇਸ ਨੂੰ ਹੋਰ ਨਹੀਂ

ਰੋਕ ਸਕਿਆ। ਮੈਂ ਬਸ ਸੋਚ ਰਿਹਾ ਸੀ ਕਿ ਤੁਸੀਂ ਕੀ ਕਿਹਾ ਹੋਵੇਗਾ। ਅਤੇ ਇਹ ਬਹੁਤ, ਬਹੁਤ ਵਧੀਆ ਸੀ, ਜਿਵੇਂ ਕਿ ਇੱਕ ਅਸਲੀ ਸਕੂਲ ਅਧਿਆਪਕ ਨੇ ਲਿਖਿਆ ਹੋਵੇ। ਇਹ ਚੰਗਾ ਸੀ, ਅਤੇ ਮੈਂ ਇਸਦੀ ਕਦਰ ਕਰਦਾ ਹਾਂ। ਅਤੇ ਇਹ—ਇਹ ਤੁਹਾਨੂੰ ਦਿੰਦਾ ਹੈ…

4 ਤੁਸੀਂ ਦੇਖੋ, ਮੈਨੂੰ ਕਿਸੇ ਅਜਿਹੇ ਵਿਅਕਤੀ ਦੇ ਪੱਤਰ ਪਸੰਦ ਹਨ ਜੋ ਤੁਹਾਡੇ ਨਾਲ ਥੋੜਾ ਜਿਹਾ ਵੱਖਰਾ ਹੋਵੇ—ਹੋਵੇ। ਵੇਖੋ, ਜੇ ਤੁਸੀਂ ਹਰ ਵੇਲੇ ਇਕੱਠੇ ਚੱਲਦੇ ਹੋ, ਕੋਈ ਤੁਹਾਡੇ ਨਾਲ ਅਸਹਿਮਤ ਨਹੀਂ ਹੁੰਦਾ, ਤਾਂ ਤੁਸੀਂ ਬੇਹੇ ਹੋ ਜਾਂਦੇ ਹੋ। ਤੁਹਾਨੂੰ ਥੋੜਾ ਵੱਖਰਾ ਹੋਣਾ ਚਾਹੀਦਾ ਹੈ ਤਾਂ ਜੋ ਤੁਸੀਂ ਸਮਝ ਸਕੋ ਅਤੇ ਗਹਿਰਾਈ ਵਿੱਚ ਜਾ ਸਕੋ। ਅਤੇ—ਅਤੇ ਜੇਕਰ ਤੁਸੀਂ ਧਿਆਨ ਨਹੀਂ ਦਿੰਦੇ ਤਾਂ ਤੁਸੀਂ ਲਕੀਰ ਦੇ ਫਕੀਰ ਹੋ ਜਾਂਦੇ ਹੋ; ਫਿਰ ਜਦੋਂ ਤੁਸੀਂ—ਜਦੋਂ ਤੁਸੀਂ ਅਜਿਹਾ ਕਰਦੇ ਹੋ ਤਾਂ ਤੁਸੀਂ ਮੁਸੀਬਤ ਵਿੱਚ ਪੈ ਜਾਂਦੇ ਹੋ। ਤੁਹਾਨੂੰ ਬਸ ਇੱਕ ਤਰ੍ਹਾਂ ਨਾਲ ਅੱਗੇ ਵੱਧਦੇ ਰਹਿਣਾ ਚਾਹੀਦਾ ਹੈ ਅਤੇ ਕਿਸੇ ਨੂੰ ਲਵੋ ਜੋ ਤੁਹਾਡੇ ਨਾਲ ਅਸਹਿਮਤ ਹੋ ਸਕੇ ਅਤੇ ਕਦੇ-ਕਦਾਈਂ ਤੁਹਾਡੇ ਖੰਭਾਂ ਨੂੰ ਝਾੜੇ।

5 ਅਫ਼ਰੀਕਾ ਵਿੱਚ ਮੈਂ ਦੋ ਛੋਟੇ ਸ਼ੇਰ ਵੇਖੇ, ਅਤੇ ਉਹ ਦੋ ਛੋਟੇ ਜਿਹੇ ਬੱਚੇ ਸਨ, ਲੱਗਭਗ *ਉਸ* ਜਿੱਡੇ। ਚਿਤਕਬਰਾ, ਛੋਟਾ, ਜਿਹਾ ਸ਼ੇਰ; ਇੱਕ ਛੋਟਾ ਸ਼ੇਰ, ਇੱਕ ਛੋਟੀ ਸ਼ੇਰਨੀ। ਅਤੇ ਹੁਣ, ਉਹ ਬਿੱਲੀ ਦੇ ਬੱਚਿਆਂ ਵਰਗੇ ਦਿਖਾਈ ਦਿੰਦੇ ਸਨ, ਉਹ ਇਸ ਤਰ੍ਹਾਂ ਬਹੁਤ ਛੋਟੇ ਸਨ, ਛੋਟੇ…ਸਭ ਤੋਂ ਸੋਹਣੀਆਂ ਛੋਟੀਆਂ ਚੀਜ਼ਾਂ, ਉਹ ਬਸ ਖੇਡ ਰਹੇ ਸਨ। ਅਤੇ ਮੈਂ ਉਨ੍ਹਾਂ ਨੂੰ ਅਮਰੀਕਾ ਲਿਆਉਣ ਵਾਲਾ ਸੀ, ਮੈਂ ਉਨ੍ਹਾਂ ਨੂੰ ਇੱਕ ਪੰਛੀ ਦੇ ਪਿੰਜਰੇ ਵਿੱਚ ਰੱਖਿਆ ਸੀ। ਮੈਂ ਉਨ੍ਹਾਂ ਨੂੰ ਵਾਪਸ ਲਿਆਉਣ ਵਾਲਾ ਸੀ, ਪਰ ਮੈਨੂੰ ਕੋਈ—ਉਹਨਾਂ ਨੂੰ ਟੀਕਾ ਲਗਾਉਣ ਲਈ ਕੁਝ ਵੀ ਨਹੀਂ ਮਿਲਿਆ, ਕੋਈ ਵੀ ਦਵਾਈ ਨਹੀਂ। ਅਤੇ ਉਹ ਮੈਨੂੰ ਉਨ੍ਹਾਂ ਨੂੰ ਪਹਿਲਾਂ ਟੀਕਾ ਲਗਾਏ ਬਿਨਾਂ ਸੰਯੁਕਤ ਰਾਜ ਵਿੱਚ ਲਿਆਉਣ ਨਹੀਂ ਦੇਣਗੇ, ਅਤੇ ਮੈਂ ਇਸਨੂੰ ਸਾਰੇ ਅਫਰੀਕਾ ਵਿੱਚ ਨਹੀਂ ਲੱਭ ਸਕਿਆ। ਪਰ ਜੇ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਉਹ ਸ਼ੇਰ ਸੀ ਜਾਂ ਨਹੀਂ, ਬਸ ਉਸਦੀ ਪਿੱਠ ਤੇ ਹੋਲੀ ਜਿਹੀ ਥੱਪੜ ਮਾਰੋ। ਉਹ ਲੜਨ ਲਈ ਤਿਆਰ ਹੋ ਜਾਵੇਗਾ ਅਤੇ ਤੁਹਾਨੂੰ ਦੱਸ ਦੇਵੇਗਾ ਕਿ ਉਹ ਸ਼ੇਰ ਸੀ, ਇਸ ਲਈ—ਇਸ ਲਈ ਇਸ ਤਰ੍ਹਾਂ ਤੁਹਾਨੂੰ ਦੱਸਦਾ ਹੈ ਕਿ ਉਹ ਕਿੱਥੇ ਖੜ੍ਹਾ ਸੀ।

6 ਇਸੇ ਤਰ੍ਹਾਂ ਤੁਹਾਨੂੰ ਕਦੇ ਕਦਾਈਂ ਕਰਨਾ ਪੈਂਦਾ ਹੈ, ਤੁਸੀਂ ਜਾਣਦੇ ਹੋ, ਇਹ ਪਤਾ ਲਗਾਉਣ ਲਈ, ਖੰਭਾਂ ਨੂੰ ਪਿਛਾਂਹ ਨੂੰ ਫੜਫੜਾਉਣਾ ਪੈਂਦਾ ਹੈ। ਪਰ, ਹੁਣ, ਅਸੀਂ ਸ਼ੇਰ ਵਾਂਗ ਗੁੱਸੇ ਨਹੀਂ ਹੁੰਦੇ; ਸਾਨੂੰ ਬਸ—ਸਾਨੂੰ ਬਸ ਇਹ ਪਸੰਦ ਹੈ, ਕਿ…ਲੋਕ ਸਵਾਲ ਪੁੱਛਣ। ਅਤੇ ਇਸ ਤਰ੍ਹਾਂ ਦੇ ਸਵਾਲ, ਭੈਣ ਰੂਥ, ਮੇਰੇ ਲਈ

ਬਹੁਤ ਵਧੀਆ ਹਨ। ਇਹ ਇੱਕ...ਮੈਨੂੰ—ਮੈਨੂੰ ਇਹ ਪਸੰਦ ਹੈ, ਵੇਖਿਆ। ਅਸਲ ਵਿੱਚ ਘਿਣਾਉਣੇ ਸਵਾਲ ਲੈਣ ਤੋਂ ਮੈਨੂੰ ਨਫ਼ਰਤ ਹੈ। ਪਰ ਉਹ ਇੱਕ... ਉਹ ਠੀਕ ਸੀ।

7 ਹੁਣ ਸਾਡੇ ਕੋਲ ਕੁਝ ਚੰਗੇ, ਹਿਲਾ ਦੇਣ ਵਾਲੇ, ਸਿਰਫ ਘਰੇਲੂ ਪ੍ਰਸ਼ਨ ਹਨ। ਉੱਥੇ ਪਿਛਲੇ ਕਮਰੇ ਵਿੱਚ ਇੱਕ ਪ੍ਰਚਾਰਕ ਹੈ ਜਿਸਨੇ ਹੁਣੇ ਹੀ, ਮੈਨੂੰ ਪੁੱਛਿਆ, ਕਿਹਾ, "ਪਰਕਾਸ਼ ਦੀ ਪੋਥੀ 11 ਦੇ ਦੋ ਨਬੀ, ਕੀ ਉਹ ਉਠਾਏ ਜਾਣ ਤੋਂ ਪਹਿਲਾਂ ਆਉਣਗੇ? ਜਾਂ ਇਜ਼ਰਾਈਲ ਨੂੰ ਲਿਜਾਣ ਤੋਂ ਤੋਂ ਪਹਿਲਾਂ? ਅਤੇ ਕੀ..." ਹੁਣ, ਇਹ ਇਸ ਕਿਸਮ ਦੇ ਸਵਾਲ ਹਨ ਜੋ—ਜੋ—ਜੋ ਤੁਹਾਨੂੰ ਫਸਾ ਲੈਂਦੇ ਹਨ। ਪਰ ਇਸ ਤਰ੍ਹਾਂ ਦੇ ਇਹ ਸਧਾਰਨ ਸਵਾਲ ਬਿਲਕੁਲ ਠੀਕ ਹਨ।

ਪਰ ਹੁਣ, ਸ਼ੁਰੂ ਕਰਨ ਤੋਂ ਪਹਿਲਾਂ, ਆਓ ਅਸੀਂ ਪ੍ਰਾਰਥਨਾ ਲਈ ਸਿਰ ਝੁਕਾਈਏ।

8 ਪਿਤਾ, ਇਹ ਗੱਲ ਵਿਖਿਆਤ ਹੈ ਕਿ ਜਦੋਂ ਤੁਸੀਂ ਬਾਰਾਂ ਸਾਲਾਂ ਦੇ ਸੀ, ਤੁਸੀਂ ਮੰਦਰ ਵਿੱਚ ਗ੍ਰੰਥੀਆਂ ਅਤੇ ਗਿਆਨੀਆਂ ਨਾਲ, ਲਿਖਤਾਂ ਬਾਰੇ ਚਰਚਾ ਕਰਦੇ ਹੋਏ ਪਾਏ ਗਏ। ਅਤੇ ਉਹ—ਉਹ ਇਸ ਗੱਲ ਤੇ ਹੈਰਾਨ ਸਨ...ਉਹ ਬਜੁਰਗ ਲੋਕ ਸਨ, ਅਤੇ ਲਿਖਤਾਂ ਵਿੱਚ ਚੰਗੀ ਤਰ੍ਹਾਂ ਸਿਖਲਾਈ ਪ੍ਰਾਪਤ ਸਨ, ਅਤੇ ਫਿਰ ਵੀ ਵੇਖ ਰਹੇ ਸਨ ਕਿ ਬਾਰਾਂ ਸਾਲ ਦੀ ਉਮਰ ਦਾ ਇੱਕ ਛੋਟਾ ਜਿਹਾ ਮੁੰਡਾ, ਲਿਖਤਾਂ ਦੀ ਵਿਆਖਿਆ ਵਿੱਚ ਉਨ੍ਹਾਂ ਨੂੰ ਹੈਰਾਨ ਕਰ ਰਿਹਾ ਸੀ। ਤੁਸੀਂ ਆਪਣੇ ਪਿਤਾ ਦਾ ਕੰਮ ਕਰ ਰਹੇ ਸੀ। ਤੁਸੀਂ ਆਪਣੀ ਮਾਂ ਨੂੰ ਕਿਹਾ, "ਕੀ ਤੁਸੀਂ ਨਹੀਂ ਜਾਣਦੇ ਭਈ ਮੈਨੂੰ ਚਾਹੀਦਾ ਹੈ ਜੋ ਆਪਣੇ ਪਿਤਾ ਦੇ ਕੰਮਾਂ ਵਿੱਚ ਲੱਗਾ ਰਹਾਂ?" ਤਾਂ ਜੋ ਲਿਖਤਾਂ ਦੇ ਆਤਮਿਕ ਅਰਥਾਂ ਨੂੰ ਸਮਝਾਵਾਂ।

9 ਅਤੇ ਹੁਣ ਅਸੀਂ ਪ੍ਰਾਰਥਨਾ ਕਰਦੇ ਹਾਂ, ਪ੍ਰਭੂ, ਕਿ—ਕਿ ਤੁਸੀਂ ਜਾਣਦੇ ਹੋ ਕਿ ਅਸੀਂ ਕਿੰਨੇ ਮਾੜੇ ਅਤੇ ਕਮਜ਼ੋਰ ਹਾਂ, ਅਤੇ ਅਸੀਂ ਕਿਸ ਤਰ੍ਹਾਂ ਗਲਤੀਆਂ ਦੇ ਅਧੀਨ ਹਾਂ, ਕਿ ਤੁਸੀਂ ਅੱਜ ਰਾਤ ਸਾਡੇ ਨਾਲ ਪਵਿੱਤਰ ਆਤਮਾ ਦੇ ਰੂਪ ਵਿੱਚ ਆਓਗੇ, ਅਤੇ ਸਾਡੇ ਲਈ ਲਿਖਤਾਂ ਦੀ ਵਿਆਖਿਆ ਕਰੇਗਾ। ਮੈਂ ਉਡੀਕ ਰਿਹਾ ਹਾਂ ਅਤੇ ਤੁਹਾਡੇ ਤੇ ਨਿਰਭਰ ਹਾਂ। ਅਤੇ ਜੇਕਰ ਮੈਂ ਕਦੇ ਵੀ, ਕਿਸੇ ਵੀ ਸਮੇਂ, ਆਪਣੇ ਵਿਚਾਰ ਜਾਂ ਵਿਆਖਿਆ ਜਾਂ ਕੋਈ ਸੁਆਰਥੀ ਚੀਜ਼ ਰੱਖਣ ਦੀ ਕੋਸ਼ਿਸ਼ ਕਰਦਾ ਹਾਂ, ਇਸ ਨੂੰ ਇਸ ਤਰ੍ਹਾਂ ਬਣਾਉਣ ਦੀ ਕੋਸ਼ਿਸ਼ ਕਰਾਂ ਕਿ ਜਿਸ ਤਰੀਕੇ ਨਾਲ ਮੈਂ ਇਸਨੂੰ ਸਮਝਾ ਰਿਹਾ ਹਾਂ ਉਹੀ ਤਰੀਕਾ ਸਹੀ ਹੈ, ਤਾਂ ਮੇਰਾ ਮੂੰਹ ਬੰਦ ਕਰ ਦੇਣਾ, ਪ੍ਰਭੂ, ਜਿਵੇਂ ਤੁਸੀਂ...ਤੁਸੀਂ ਸ਼ੇਰਾਂ ਦਾ ਕਰ ਦਿੱਤਾ ਸੀ, ਜਦੋਂ ਉਹ ਦਾਨੀਏਲ ਦੇ ਪਿੱਛੇ ਆਏ ਸਨ। ਤੁਸੀਂ ਅਜੇ ਵੀ ਉਹੀ ਪਰਮੇਸ਼ੁਰ ਹੋ।

10 ਅਤੇ ਇਸ ਨੂੰ ਪੂਰੀ ਤਰ੍ਹਾਂ ਹੋਣ ਦਿਓ...ਜਿਵੇਂ ਕਿ ਅਸੀਂ ਪਵਿੱਤਰ ਆਤਮਾ

ਤੇ ਨਿਰਭਰ ਕਰਦੇ ਹਾਂ, ਉਹ ਸਾਡੇ ਲਈ ਇਹ ਚੀਜ਼ਾਂ ਪ੍ਰਗਟ ਕਰੇ। ਅਤੇ ਫਿਰ ਜਿਵੇਂ ਉਹ ਉਨ੍ਹਾਂ ਨੂੰ ਬੋਲਦਾ ਹੈ, ਉਨ੍ਹਾਂ ਨੂੰ ਇੰਨਾ ਸਪੱਸ਼ਟ ਬਣਾ ਦਿਓ ਕਿ ਜਿਸ ਨੇ ਪ੍ਰਸ਼ਨ ਪੁੱਛਿਆ ਹੈ ਉਹ ਇਸਨੂੰ ਸਵੀਕਾਰ ਕਰ ਸਕੇ। ਅਤੇ ਜੇ ਇਹ ਉਸ ਦੇ ਉਲਟ ਜਵਾਬ ਦਿੰਦਾ ਹੈ ਜੋ ਮੈਂ ਹਮੇਸ਼ਾ ਵਿਸ਼ਵਾਸ ਕੀਤਾ ਹੈ, ਤਾਂ ਫਿਰ ਵੀ ਮੇਰੇ ਦਿਲ ਨੂੰ ਖੁਸ਼ ਹੋਣ ਦਿਓ, ਪ੍ਰਭੂ, ਇਹ ਜਾਣਨ ਲਈ ਕਿ ਮੈਂ ਕੁਝ ਨਵਾਂ ਲੱਭਿਆ ਹੈ, ਅਤੇ ਜੋ ਪ੍ਰਭੂ ਦਾ ਵਧੀਆ ਮਾਰਗ ਹੈ। ਕਿਉਂਕਿ ਤੁਸੀਂ ਕਿਹਾ ਸੀ, "ਤੁਸੀਂ ਲਿਖਤਾਂ ਨੂੰ ਭਾਲਦੇ ਹੋ, ਕਿਉਂਕਿ ਤੁਸੀਂ ਸਮਝਦੇ ਹੋ ਭਈ ਇਨ੍ਹਾਂ ਵਿੱਚ ਸਾਨੂੰ ਸਦੀਪਕ ਜੀਉਣ ਮਿਲਦਾ ਹੈ, ਅਤੇ ਮੇਰੇ ਹੱਕ ਵਿੱਚ ਜੋ ਗਵਾਹੀ ਦਿੰਦੇ ਸੋ ਏਹੋ ਹਨ।"

11 ਹੁਣ, ਇਨ੍ਹਾਂ ਵਚਨਾਂ ਦੀ ਸਿੱਖਿਆ ਤੋਂ ਬਾਅਦ, ਇਸ ਨਾਲ ਨਿਸ਼ਚਤ ਤੌਰ ਤੇ ਬਹੁਤ ਸਾਰੇ ਵਿਚਾਰ ਅਤੇ ਅਜਿਹੀਆਂ ਚੀਜਾਂ ਪੈਦਾ ਹੋਣਗੀਆਂ। ਅਤੇ ਮੈਂ ਪ੍ਰਾਰਥਨਾ ਕਰਦਾ ਹਾਂ, ਪ੍ਰਭੂ, ਹੁਣ ਜਾਪਦਾ ਹੈ ਕਿ ਇਹ ਸਾਰੇ ਸਵਾਲ ਇੰਨੀ ਮਿਠਾਸ ਅਤੇ ਨਰਮਾਈ ਨਾਲ ਪੁੱਛੇ ਗਏ ਹਨ, ਤਾਂ ਪਵਿੱਤਰ ਆਤਮਾ ਉਨ੍ਹਾਂ ਨੂੰ ਨਰਮਾਈ ਅਤੇ ਮਿਠਾਸ ਨਾਲ ਉੱਤਰ ਦੇਵੇ। ਕਿਉਂਕਿ ਅਸੀਂ ਇਸਨੂੰ ਯਿਸੂ ਦੇ ਨਾਮ ਵਿੱਚ, ਅਤੇ ਪਰਮੇਸ਼ੁਰ ਦੀ ਮਹਿਮਾ ਅਤੇ ਉਸਦੀ ਕਲੀਸਿਯਾ ਦੀ ਤਰੱਕੀ ਲਈ ਮੰਗਦੇ ਹਾਂ। ਆਮੀਨ।

12 ਕਈ ਵਾਰ ਅਜਿਹਾ ਹੁੰਦਾ ਹੈ ਕਿ ਕਿਸੇ ਵੀ ਚੀਜ਼ ਲਈ ਸੁਆਰਥੀ ਇਰਾਦੇ, ਉਸ ਦਾ ਸਾਰਾ ਸੁਆਦ ਬਰਬਾਦ ਕਰ ਦਿੰਦੇ ਹਨ। ਅਤੇ ਹੁਣ, ਇਸ ਲਿਖਤ ਬਾਰੇ ਸਵਾਲ ਪੁੱਛੇ ਗਏ ਹਨ।

13 ਹੁਣ, ਜੇ ਮੈਂ ਅੱਜ ਰਾਤ ਨੂੰ ਥੋੜੀ ਜਿਹੀ ਵਿਸ਼ ਦੀ ਅਵਾਜ ਕਰਦਾ ਹਾਂ, ਕਿਉਂਕਿ ਮੇਰਾ ਇੱਕ ਦੰਦ ਨਿਕਲ ਗਿਆ ਹੈ। ਅਤੇ ਜੇ ਮੈਂ ਇਸਨੂੰ ਵਿੱਚ ਰੱਖਾਂ, ਤਾਂ ਮੈਂ ਪ੍ਰਚਾਰ ਨਹੀਂ ਕਰ ਸਕਦਾ, ਜਦੋਂ ਮੈਂ ਪ੍ਰਚਾਰ ਕਰਦਾ ਹਾਂ ਤਾਂ ਮੈਂ ਹੌਲੀ ਹੋ ਜਾਂਦਾ ਹਾਂ; ਜੇ ਮੈਂ ਇਸਨੂੰ ਬਾਹਰ ਕੱਢਦਾ ਹਾਂ, ਤਾਂ ਮੇਰੇ ਮੂੰਹ ਤੋਂ ਲਗਭਗ ਸੀਟੀ ਵੱਜਣ ਲੱਗ ਜਾਂਦੀ ਹੈ।

14 ਸ਼੍ਰੀਮਤੀ ਬਿਲੀ ਗ੍ਰਾਹਮ ਨੇ ਉਸ ਬਾਰੇ ਇੱਕ ਕਹਾਣੀ ਸੁਣਾਈ, ਕਿ ਉਸਨੇ ਉਸਨੂੰ ਸਭ ਤੋਂ ਜਿਆਦਾ ਬੇਚੈਨ ਉਦੋਂ ਦੇਖਿਆ ਸੀ, ਜਦੋਂ, ਉਸਦਾ ਸਾਹਮਣੇ ਦਾ ਇੱਕ ਦੰਦ ਨਿਕਲ ਗਿਆ ਸੀ। ਅਤੇ ਉਸਨੇ ਇਸਨੂੰ ਗੁਆ ਦਿੱਤਾ, ਅਤੇ ਉਸੇ ਸਮੇਂ ਉਸਦਾ ਇੱਕ ਟੈਲੀਵਿਜ਼ਨ ਪ੍ਰੋਗਰਾਮ ਸੀ, ਅਤੇ—ਅਤੇ ਉਹ ਨਹੀਂ ਕਰ ਸਕਿਆ…ਇਹ ਇੱਕ ਥਾਲੀ ਉੱਤੇ ਸੀ ਜਿਸ ਤੇ ਕੁਝ ਹੋਰ ਪਿੱਛੇ ਦੇ ਦੰਦ ਵੀ ਸਨ। ਅਤੇ ਜਦੋਂ ਉਹ ਗੱਲ ਕਰਦਾ ਸੀ, ਤਾਂ ਉਸ ਤੋਂ ਸੀਟੀ ਵੱਜਦੀ "ਸਯੁ, ਸਯੁ" ਉਸ ਦੇ ਦੰਦ ਦੇ ਵਿੱਚੋਂ। ਅਤੇ ਉਸਨੇ ਕਿਹਾ ਕਿ ਉਹ ਆਪਣੇ ਗੋਡਿਆਂ

ਦੇ ਭਾਰ ਬੈਠ ਗਿਆ, ਪ੍ਰਾਰਥਨਾ ਕਰ ਰਿਹਾ ਸੀ ਅਤੇ ਪਸੀਨਾ ਵਹਾ ਰਿਹਾ ਸੀ, ਟੈਲੀਵਿਜ਼ਨ ਪ੍ਰਸਾਰਣ ਤੋਂ ਦਸ ਮਿੰਟ ਪਹਿਲਾਂ, ਅਤੇ ਅੰਤ ਵਿੱਚ ਉਹਨਾਂ ਨੇ ਇਸਨੂੰ ਲੱਭ ਲਿਆ ਜਿੱਥੇ ਇਹ ਉਸਦੀ ਪੈਂਟ ਵਿੱਚੋਂ ਨਿਕਲ ਕੇ ਉਸ ਦੀਆਂ ਜੁੱਤੀਆਂ ਦੇ ਪੰਜੇ ਤੇ ਡਿੱਗ ਪਿਆ। ਉੱਥੇ ਇੱਕ ਨੌਕਰ ਨੇ ਇਸ ਨਕਲੀ ਦੰਦ ਨੂੰ ਵੇਖ ਲਿਆ। ਅਤੇ ਸ਼੍ਰੀਮਤੀ ਗ੍ਰਾਹਮ ਨੇ ਇਹ ਉਸ ਨੂੰ ਦੱਸਿਆ, ਅਤੇ ਇਹ ਇੱਥੇ ਸੀ। ਅਤੇ ਇਸ ਲਈ ਮੈਂ ਇਸਨੂੰ ਕਾਗਜ਼ ਦੇ ਇੱਕ ਛੋਟੇ ਜਿਹੇ ਟੁਕੜੇ ਵਿੱਚ ਰੱਖਿਆ ਹੋਇਆ ਹੈ, ਮੈਨੂੰ ਲਗਦਾ ਹੈ ਕਿ ਇਹ ਮੇਰੀ ਬਾਈਬਲ ਵਿੱਚ ਹੈ।

15 ਅਤੇ ਇਸ ਲਈ ਇਹ ਇੱਕ ਤਰ੍ਹਾਂ ਦਾ...ਜਦੋਂ ਅਸੀਂ ਥੋੜੇ ਜਿਹੇ ਬਜੁਰਗ ਅਤੇ ਕਮਜ਼ੋਰ ਹੋ ਜਾਂਦੇ ਹਾਂ, ਤੁਸੀਂ ਜਾਣਦੇ ਹੋ, ਅਤੇ ਇਹਨਾਂ ਨੂੰ ਗੁਆਉਣਾ ਪੈਂਦਾ ਹੈ, ਤਾਂ ਇਸ ਨਾਲ ਮੁਸ਼ਕਲ ਆਉਂਦੀ ਹੈ। ਅਤੇ ਇਸ ਲਈ ਮੈਂ...ਜਦੋਂ ਮੈਂ ਉੱਥੇ ਭਾਈ ਰੌਬਰਸਨ, ਅਤੇ ਉਨ੍ਹਾਂ ਨਾਲ ਬਾਹਰ ਸੀ, ਮੈਂ ਇੱਕ ਸਵੇਰ ਇਸ ਤੇ ਬੁਰਸ਼ ਕਰ ਰਿਹਾ ਸੀ ਅਤੇ ਇਸਦਾ ਇੱਕ ਟੁਕੜਾ ਤੋੜ ਦਿੱਤਾ, ਅਤੇ ਮੈਨੂੰ ਇਸ ਨੂੰ ਠੀਕ ਕਰਾਉਣ ਲਈ, ਡਾਕਟਰ ਕੋਲ ਲੈ ਜਾਣਾ ਪਿਆ। ਇਸ ਲਈ ਪ੍ਰਭੂ ਆਪਣੀਆਂ ਬਰਕਤਾਂ ਨੂੰ ਦੇਵੇ।

16 ਹੁਣ ਅਸੀਂ ਜਾ ਰਹੇ ਹਾਂ, ਹੁਣ, ਮੈਂ ਉਹਨਾਂ ਵਿੱਚੋਂ ਹਰ ਇੱਕ ਵਿੱਚੋਂ ਲੰਘਣ ਦੀ ਕੋਸ਼ਿਸ਼ ਕਰਨ ਜਾ ਰਿਹਾ ਹਾਂ, ਜੇ ਮੈਂ ਕਰ ਸਕਿਆ ਤਾਂ। ਅਤੇ, ਭਾਈ ਟੋਨੀ, ਪਰਮੇਸ਼ੁਰ ਦੀ ਕਿਰਪਾ ਨਾਲ, ਮੇਰੇ ਕੋਲ ਤੁਹਾਡੇ ਸੁਪਨੇ ਦਾ ਅਰਥ ਹੈ, ਅਤੇ ਇਹ ਸ਼ਾਨਦਾਰ ਸੀ। ਮੈਨੂੰ ਇਹ ਦੇਖ ਕੇ ਬਹੁਤ ਖੁਸ਼ੀ ਹੋਈ। ਅਤੇ ਇਹ ਇੱਕ ਚੰਗਾ ਅਰਥ ਹੈ, ਜੋ ਮੇਰਾ ਅਨੁਮਾਨ ਹੈ ਕਿ ਮੈਨੂੰ ਇੱਥੇ ਜਨਤਕ ਤੌਰ ਤੇ ਨਹੀਂ ਦੱਸਣਾ ਚਾਹੀਦਾ, ਇਸ ਲਈ ਮੈਂ ਇਹ ਤੁਹਾਨੂੰ ਨਿੱਜੀ ਤੌਰ ਤੇ ਦੇਵਾਂਗਾ ਜੇਕਰ ਤੁਸੀਂ—ਜੇਕਰ ਤੁਸੀਂ ਨਹੀਂ...ਜੇਕਰ ਤੁਸੀਂ ਇਸ ਨੂੰ ਨਿੱਜੀ ਤਰੀਕੇ ਨਾਲ ਚਾਹੁੰਦੇ ਹੋ। ਉਸਨੇ ਮੈਨੂੰ ਉਸ ਰਾਤ ਪੁੱਛਿਆ ਸੀ, ਉਸਨੂੰ ਇੱਕ ਸੁਪਨਾ ਆਇਆ, ਅਤੇ ਮੈਂ ਉਸਨੂੰ ਨਹੀਂ ਦੱਸ ਸਕਿਆ ਕਿ ਇਹ ਕੀ ਸੀ ਜਦੋਂ ਤੱਕ ਮੈਂ ਪ੍ਰਭੂ ਕੋਲ ਨਹੀਂ ਗਿਆ ਅਤੇ ਇਸ ਬਾਰੇ ਪ੍ਰਾਰਥਨਾ ਨਹੀਂ ਕੀਤੀ। ਫ਼ੇਰ ਪ੍ਰਭੂ ਨੇ ਇਸ ਨੂੰ ਮੇਰੇ ਤੇ ਪ੍ਰਗਟ ਕੀਤਾ ਅਤੇ ਮੈਨੂੰ ਦੱਸਿਆ ਕਿ ਇਸਦਾ ਅਰਥ ਕੀ ਸੀ। ਇਹ ਸ਼ਾਨਦਾਰ ਹੈ, ਅਤੇ ਤੁਹਾਡੇ ਲਈ ਚੰਗੀ ਖ਼ਬਰ ਹੈ, ਭਾਈ ਟੋਨੀ।

17 ਹੁਣ, ਪਹਿਲੇ ਪ੍ਰਸ਼ਨ ਵਿੱਚ। ਹੁਣ, ਮੈਨੂੰ ਨਹੀਂ ਪਤਾ ਕਿ ਪਹਿਲਾਂ ਕਿੱਥੋਂ ਸ਼ੁਰੂ ਕਰਾਂ, ਕਿਉਂਕਿ ਉਹ ਸਾਰੇ ਵਧੀਆ ਪ੍ਰਸ਼ਨ ਹਨ। ਪਰ, ਹੁਣ, ਅਸੀਂ ਕੋਸ਼ਿਸ਼ ਕਰਾਂਗੇ ਕਿ ਬਹੁਤ ਜ਼ਿਆਦਾ ਸਮਾਂ ਨਾ ਲਈਏ, ਅਤੇ ਹੋ ਸਕਦਾ ਹੈ ਕਿ ਅਸੀਂ ਉਹਨਾਂ ਨੂੰ ਐਤਵਾਰ ਨੂੰ ਸਮਾਪਤ ਕਰ ਸਕਦੇ ਹਾਂ, ਜੇਕਰ ਅਸੀਂ

ਉਹਨਾਂ ਸਾਰਿਆਂ ਨੂੰ ਨਹੀਂ ਲੈ ਸਕੇ ਤਾਂ।

**51. ਸਮਝਾਓ ਕਿ "ਹਮੇਸ਼ਾ ਦੀ ਸਜ਼ਾ" ਦਾ ਕੀ ਅਰਥ ਹੈ, ਮੱਤੀ 25:46 ਵਿਚ।** "ਪਰ…" ਇਹੀ ਪ੍ਰਸ਼ਨ ਹੈ।

52. ਫਿਰ, ਦੂਜਾ ਪ੍ਰਸ਼ਨ: **"ਪਰ ਰਾਜ ਦੇ ਪੁੱਤ੍ਰ ਬਾਹਰ ਦੇ ਅੰਧਘੋਰ ਵਿੱਚ ਕੱਢੇ ਜਾਣਗੇ," ਕੀ ਇਹ ਉਹਨਾਂ ਨੂੰ ਪਰਮੇਸ਼ੁਰ ਦੇ ਮਨ ਵਿੱਚੋਂ ਕੱਢਣ ਦੇ ਬਰਾਬਰ ਹੈ?**

18 ਖੈਰ, ਹੁਣ, ਤੁਹਾਡਾ ਪਹਿਲਾ ਪ੍ਰਸ਼ਨ ਲੈਂਦੇ ਹਾਂ, ਜੋ ਸੰਤ ਮੱਤੀ ਵਿੱਚ ਪਾਇਆ ਜਾਂਦਾ ਹੈ, ਵੀਹ-…25ਵਾਂ ਅਧਿਆਇ। ਹੁਣ ਅਸੀਂ…ਹੁਣ, ਮੈਂ ਇਹਨਾਂ ਦਾ ਕਦੇ ਅਧਿਐਨ ਨਹੀਂ ਕੀਤਾ, ਬਸ ਉਹਨਾਂ ਨੂੰ ਉੱਥੇ ਦੇਖਿਆ ਹੈ, ਅਤੇ ਪੂਰੀ ਕੋਸ਼ਿਸ਼ ਕੀਤੀ ਕਿ ਉਨ੍ਹਾਂ ਨੂੰ ਚੰਗੀ ਤਰ੍ਹਾਂ ਵੇਖਾਂ ਜਿਵੇਂ ਮੈਨੂੰ—ਮੈਨੂੰ ਪਤਾ ਸੀ ਕਿ ਵੇਖਣਾ ਹੈ। ਅਤੇ ਮੇਰਾ…ਤੁਸੀਂ ਆਪਣੀਆਂ ਬਾਈਬਲਾਂ ਵਿੱਚ ਮੇਰੇ ਨਾਲ ਮੁੜੋ, ਜਿਵੇਂ ਅਸੀਂ ਇਸਦਾ ਅਧਿਐਨ ਕਰਾਂਗੇ। ਹੁਣ, ਮੈਂ ਇਸਨੂੰ ਯੂਨਾਨੀ ਸ਼ਬਦਕੋਸ਼ ਵਿੱਚੋਂ ਵੀ ਲੈਣਾ ਚਾਹੁੰਦਾ ਸੀ, ਤਾਂ ਜੋ ਤੁਸੀਂ ਇਸਦੇ ਮੂਲ ਨੂੰ ਪ੍ਰਾਪਤ ਕਰ ਸਕੋ। ਅਤੇ ਮੈਨੂੰ—ਮੈਨੂੰ ਇਹ ਪਸੰਦ ਹੈ। ਤਾਂ ਫਿਰ ਅਸੀਂ ਇਸ ਨੂੰ ਯੂਨਾਨੀ ਅਤੇ ਹੋਰ ਦੋਵਾਂ ਵਿੱਚੋਂ—ਦੋਵਾਂ ਵਿੱਚੋਂ ਦੇਖਾਂਗੇ। ਅਤੇ ਹੁਣ ਇਹ ਧੀਮੀ ਗਤੀ ਨਾਲ—ਨਾਲ ਹੋਵੇਗਾ, ਅਤੇ ਅਧਿਐਨ ਕਰਦੇ ਹੋਏ, ਕਿਉਂਕਿ ਮੈਨੂੰ ਲੱਭਣਾ ਪਵੇਗਾ ਅਤੇ ਲਿਖਤਾਂ ਨੂੰ ਲਿਆਉਣਾ ਪਵੇਗਾ ਬਸ ਜਿੱਥੋਂ ਕਿਤੋਂ ਵੀ ਮੈਂ ਉਨ੍ਹਾਂ ਨੂੰ ਲੱਭ ਸਕਦਾ ਹਾਂ, ਅਤੇ ਉਹਨਾਂ ਨੂੰ ਉਹਨਾਂ ਦੀ ਥਾਂ ਤੇ ਲੈ ਕੇ ਆਵਾਂਗਾ। ਠੀਕ ਹੈ।

19 ਹੁਣ, ਕੀ ਕਿਸੇ ਨੂੰ ਸਾਡੇ ਨਾਲ ਅਧਿਐਨ ਕਰਨ ਲਈ ਬਾਈਬਲ ਚਾਹੀਦੀ ਹੈ? ਜੇ ਤੁਹਾਨੂੰ ਚਾਹੀਦੀ ਹੈ, ਤਾਂ ਆਪਣਾ ਹੱਥ ਉਠਾਓ। ਅਤੇ ਅਸੀਂ…ਮੈਨੂੰ ਲਗਦਾ ਹੈ ਕਿ ਸਾਡੇ ਕੋਲ ਇੱਥੇ ਤਿੰਨ ਜਾਂ ਚਾਰ ਹਨ। ਜੇ ਤੁਸੀਂ ਲਿਖਤਾਂ ਨੂੰ ਪੜ੍ਹਨਾ ਚਾਹੁੰਦੇ ਹੋ, ਤਾਂ ਠੀਕ ਹੈ। ਭਾਈ ਕੌਕਸ, ਕੀ ਤੁਸੀਂ ਇੱਥੇ ਆਓਗੇ ਅਤੇ ਮੈਨੂੰ ਇਹ ਬਾਈਬਲਾਂ ਦਿਓਗੇ? ਅਤੇ ਇਹ—ਇਹ ਤੁਹਾਡੇ ਲਈ ਚੰਗਾ ਹੈ, ਜੇਕਰ ਤੁਸੀਂ ਕਰ ਸਕਦੇ ਹੋ, ਤਾਂ…(ਉੱਥੇ ਇੱਕ ਹੈ, ਅਤੇ ਤੁਸੀਂ ਬਸ—ਜੇਕਰ ਤੁਸੀਂ ਚਾਹੁੰਦੇ ਹੋ ਤਾਂ ਤੁਸੀਂ ਉਹਨਾਂ ਨੂੰ ਹੇਠਾਂ ਲੈ ਜਾਓ, ਇੰਨੀਆਂ ਸਾਰੀਆਂ)। ਅਤੇ ਜਿਸ ਕਿਸੇ ਨੂੰ ਵੀ ਚਾਹੀਦੀ ਹੈ, ਤਾਂ ਬੱਸ ਆਪਣਾ ਹੱਥ ਖੜ੍ਹਾ ਕਰੋ, ਲੜਕੇ ਉਨ੍ਹਾਂ ਨੂੰ ਠੀਕ ਤੁਹਾਡੇ ਕੋਲ ਲੈ ਆਉਣਗੇ, ਵੇਖੋ। ਅਤੇ ਅਸੀਂ ਇਹਨਾਂ ਦਾ ਇਕੱਠੇ ਅਧਿਐਨ ਕਰਨਾ ਚਾਹੁੰਦੇ ਹਾਂ, ਅਤੇ ਬਸ…

20 ਹੁਣ, ਇਸ ਪੜ੍ਹੇ ਜਾਣ ਅਤੇ ਆਖਰੀ ਅਧਿਆਵਾਂ ਤੇ…ਇਬਰਾਨੀਆਂ ਦੀ ਕਿਤਾਬ ਦੇ ਪਹਿਲੇ ਸੱਤ ਅਧਿਆਏ। ਸਿੱਖਿਆ ਤੋਂ ਬਾਅਦ, ਬੇਸ਼ੱਕ, ਉਹ ਲੜਕੇ ਜਿਨ੍ਹਾਂ ਨੇ ਇਹ ਵਿਸ਼ੇ ਲਿਖੇ ਸਨ, ਭਾਈ ਮਰਸੀਅਰ ਅਤੇ ਭਾਈ ਗੋਡ,

ਇਹ ਉਨ੍ਹਾਂ ਕੋਲ ਹਨ ਅਤੇ ਹੁਣ ਉਨ੍ਹਾਂ ਨੂੰ ਕਿਤਾਬ ਦੇ ਰੂਪ ਵਿੱਚ ਪ੍ਰਕਾਸ਼ਿਤ ਕਰਨ ਲਈ ਤਿਆਰੀ ਕਰ ਰਹੇ ਹਨ। ਅਤੇ ਇਹ ਉਨ੍ਹਾਂ ਦੇ ਕੋਲ ਹਨ। ਹੁਣ... ਅਤੇ ਸਾਡੇ ਕੋਲ ਅੱਧਾ-ਪੱਚਧਾ ਕੁਝ ਨਹੀਂ ਹੈ, ਅਸੀਂ ਬਸ ਸਤਹ ਨੂੰ ਖੁਰਚਿਆ ਹੈ। ਅਤੇ ਮੈਨੂੰ ਲਗਦਾ ਹੈ ਕਿ ਉਹਨਾਂ ਨੇ ਇਸ ਦਾ ਨਾਮ ਰੱਖਿਆ ਹੈ...ਅਤੇ ਉਸ ਵਿੱਚੋਂ ਮਹੱਤਵਪੂਰਣ ਗੱਲਾਂ...ਅਤੇ ਸਿਰਫ਼ ਮਹੱਤਵਪੂਰਣ ਨੂੰ ਪਾਲਿਸ਼ ਕਰਦੇ ਹੋਏ, ਇਬਰਾਨੀਆਂ ਦੀ ਸਿੱਖਿਆ ਵਿੱਚੋਂ ਕੁਝ ਕੁ ਮਹੱਤਵਪੂਰਣ ਗੱਲਾਂ। ਭਾਈ ਮਰਸੀਅਰ ਉਹਨਾਂ ਨੂੰ ਬਹੁਤ ਜਲਦੀ, ਛਪਾਉਣਗੇ, ਹਰ ਕਿਸੇ ਲਈ ਜੋ ਕੋਈ ਵੀ ਇਸ ਨੂੰ ਲੈਣਾ ਚਾਹੁੰਦਾ ਹੈ।

21 ਹੁਣ ਇਹ ਇੱਥੇ, ਇਹ ਅੰਦਰ ਲਿਆਉਂਦਾ ਹੈ...ਤੁਸੀਂ ਬਸ ਐਵੇਂ ਨਹੀਂ ਜਾ ਸਕਦੇ...ਖੁਸ਼ਖਬਰੀ ਦੀ ਕਲੀਸਿਯਾ ਦੇ ਵਿੱਚ, ਜੋ ਕਿ ਇਹ ਇੱਕ ਖੁਸ਼ਖਬਰੀ ਦੀ ਕਲੀਸਿਯਾ ਹੈ। ਤੁਸੀਂ ਬਹੁਤ ਸਾਰੇ ਲੋਕਾਂ ਦੇ ਸ਼ੱਕ ਅਤੇ ਵਿਚਾਰਾਂ ਨੂੰ ਜਗਾਏ ਬਿਨਾਂ ਇੱਕ—ਇੱਕ ਸਿੱਖਿਆ ਨੂੰ ਪ੍ਰਚਾਰ ਨਹੀਂ ਕਰ ਸਕਦੇ। ਤੁਹਾਨੂੰ ਕਰਨਾ ਹੀ ਪਏਗਾ। ਹੁਣ, ਮੈਂ ਇੱਕ ਸਿੱਖਿਅਕ ਹੋਣ ਤੋਂ ਬਹੁਤ ਦੂਰ ਹਾਂ, ਬਾਈਬਲ ਦਾ ਵਿਆਖਿਆਕਾਰ ਤਾਂ ਬਿਲਕੁਲ ਨਹੀਂ ਹਾਂ। ਪਰ ਮੈਂ ਕਦੇ ਵੀ ਕੁਝ ਕਹਿਣ ਦੀ—ਦੀ ਕੋਸ਼ਿਸ਼ ਨਹੀਂ ਕਰਦਾ, ਜਾਂ ਕੁਝ ਵੀ ਕਰਨ ਦੀ, ਪਰ ਪਹਿਲਾਂ—ਪਹਿਲਾਂ ਇਸਦੇ ਲਈ ਮੰਗਦਾ ਹਾਂ ਜਾਂ ਇਸ ਲਈ ਮੇਰੀ ਸਭ ਤੋਂ ਵਧੀਆ ਚੀਜ਼ ਪਤਾ ਲਗਾਉਣ ਦੀ ਕੋਸ਼ਿਸ ਕਰਦਾ ਹਾਂ।

22 ਇਹ ਮੇਰੇ ਤੋਂ ਇੱਕ ਪਿਆਰੇ ਭਾਈ ਨੇ ਪੁੱਛਿਆ ਸੀ, ਬੀਤੀ ਰਾਤ, ਉਸ ਨੇ ਕਿਹਾ, "ਭਾਈ ਬ੍ਰਨਹਾਮ, ਭਾਈ ਸੇਵਰਡ ਨੇ ਇਕ ਵਾਰ ਕਿਹਾ ਸੀ ਕਿ ਤੁਸੀਂ—ਤੁਸੀਂ ਬੱਸ ਆਪਣੇ ਆਪ ਨੂੰ ਕਿਤੇ ਵੀ ਦੱਬਣ ਨਹੀਂ ਦਿੰਦੇ। ਦੇਖੋ, ਕਿ ਤੁਹਾਡੇ ਕੋਲ ਹਮੇਸ਼ਾ ਇਸ ਵਿੱਚੋਂ ਬਾਹਰ ਨਿਕਲਣ ਜਾਂ ਇਸ ਤੋਂ ਦੂਰ ਜਾਣ ਲਈ ਕੋਈ ਨਾ ਕੋਈ ਤਰੀਕਾ ਹੁੰਦਾ ਹੈ।"

23 ਮੈਂ ਕਿਹਾ, "ਖੈਰ, ਇਸਦਾ ਕਾਰਨ ਇਹ ਹੈ, ਮੈਂ ਹਮੇਸ਼ਾ ਕੁਝ ਕਰਨ ਤੋਂ ਪਹਿਲਾਂ ਸੋਚਣ ਦੀ ਕੋਸ਼ਿਸ਼ ਕਰਦਾ ਹਾਂ। ਸਮਝੇ? ਅਤੇ ਫਿਰ ਜੇਕਰ ਲੋਕ ਮੈਨੂੰ ਪੁੱਛਣ, ਤਾਂ ਮੈਂ ਉਨ੍ਹਾਂ ਨੂੰ ਦੱਸ ਸਕਦਾ ਹਾਂ ਕਿ ਮੇਰੇ ਵਿਚਾਰ ਕੀ ਸਨ। ਸਮਝੇ?" ਪਰ ਅਜਿਹਾ ਹੈ ਜੇ ਤੁਸੀਂ ਸਹੀ ਸੋਚਦੇ ਹੋ ਤਾਂ। ਅਤੇ ਇਸ ਤੋਂ ਪਹਿਲਾਂ ਕਿ ਤੁਸੀਂ ਕੁਝ ਵੀ ਕਰੋ, ਉਸ ਪੱਖ ਨੂੰ ਲੈਣ ਦੀ ਕੋਸ਼ਿਸ਼ ਕਰੋ ਜੋ ਪਰਮੇਸ਼ੁਰ ਤੁਹਾਡੇ ਤੋਂ ਚਾਹੁੰਦਾ ਹੈ ਕਿ ਤੁਸੀਂ ਲਵੋ, ਫਿਰ ਹੇਠਾਂ ਦਬਾਇਆ ਜਾਣਾ ਬਹੁਤ ਮੁਸ਼ਕਲ ਹੋਵੇਗਾ।

24 ਤੁਸੀਂ ਉਸ ਸਮੇਂ ਦੀ ਕਲਪਨਾ ਨਹੀਂ ਕਰ ਸਕਦੇ ਕਿ—ਕਿ ਅਹਾਬ ਨੇ ਏਲੀਯਾਹ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ। ਕੀ ਤੁਸੀਂ ਉਸ ਸਮੇਂ ਦੀ ਕਲਪਨਾ

ਕਰ ਸਕਦੇ ਹੋ ਜਦੋਂ ਫ਼ਰੀਸੀਆਂ ਨੇ ਯਿਸੂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਸੀ? ਦੇਖੋ, ਉਸ ਕੋਲ—ਉਸ ਕੋਲ ਫੁਰਤੀਲਾ ਜਵਾਬ ਸੀ, ਕਿਉਂਕਿ ਉਸਨੇ ਜੋ ਕੁਝ ਵੀ ਕੀਤਾ ਸੀ, ਉਸ ਨੇ ਇਸ ਨੂੰ ਪਰਮੇਸ਼ੁਰ ਦੀ ਇੱਛਾ ਅਨੁਸਾਰ ਕੀਤਾ ਸੀ, ਅਤੇ ਉਹ...ਇਸੇ ਤਰੀਕੇ ਨਾਲ ਉਹ—ਉਹ ਇਸ ਦਾ ਜਵਾਬ ਦੇ ਸਕਦਾ ਸੀ। ਹੁਣ, ਅਸੀਂ ਵੀ ਇਸ ਨੂੰ ਇਸ ਤਰ੍ਹਾਂ ਚਾਹੁੰਦੇ ਹਾਂ।

ਹੁਣ ਪ੍ਰਸ਼ਨ ਪੁੱਛਿਆ ਗਿਆ ਹੈ, ਅਸੀਂ ਪ੍ਰਸ਼ਨ ਦੇ ਨਾਲ ਰਹਾਂਗੇ:

**ਸਮਝਾਓ ਕਿ "ਹਮੇਸ਼ਾ ਦੀ ਸਜ਼ਾ" ਦਾ ਕੀ ਅਰਥ ਹੈ, ਮੱਤੀ 25:46 ਵਿਚ।**

25 ਹੁਣ ਜਰਾ ਧਿਆਨ ਨਾਲ ਸੁਣੋ। ਹੁਣ ਹਰ ਕੋਈ, ਮੱਤੀ 25:46:

*ਅਤੇ ਏਹ ਸਾਰੇ ਹਮੇਸ਼ਾ ਦੀ ਸਜ਼ਾ ਵਿੱਚ ਜਾਣਗੇ:...*

26 ਹੁਣ, ਪ੍ਰਸ਼ਨ ਇਹ ਹੈ ਕਿ, "ਕੀ...ਸਮਝਾਓ..." ਹੁਣ *ਹਮੇਸ਼ਾ* ਸ਼ਬਦ "ਸਦਾ ਅਤੇ ਸਦਾ ਲਈ" ਸ਼ਬਦ ਤੋਂ ਆਇਆ ਹੈ," ਅਤੇ *ਹਮੇਸ਼ਾ* "ਸਮੇਂ ਦੀ ਇੱਕ ਮਿਆਦ" ਹੁੰਦੀ ਹੈ। ਇਸਦਾ ਮਤਲਬ "ਇੰਨਾ ਕੁ ਸਮਾਂ" ਹੀ ਹੈ, *ਹਮੇਸ਼ਾ* ਲਈ। ਹੁਣ ਜੇ ਤੁਸੀਂ ਬਸ ਪੜ੍ਹੋਗੇ...ਮੈਨੂੰ ਨਹੀਂ ਪਤਾ ਕਿ ਇਹ ਪ੍ਰਸ਼ਨ ਕਿਸ ਨੇ ਲਿਖੇ ਹਨ, ਕਿਉਂਕਿ ਕਿਸੇ ਨੇ ਵੀ ਉਨ੍ਹਾਂ ਤੇ ਆਪਣਾ ਨਾਂ ਨਹੀਂ ਲਿਖਿਆ; ਇਹ ਹੋਣੇ ਜ਼ਰੂਰੀ ਵੀ ਨਹੀਂ ਸਨ, ਮੈਂ ਉਨ੍ਹਾਂ ਨੂੰ ਨਹੀਂ ਚਾਹੁੰਦਾ, ਦੇਖੋ।

ਪਰ *ਇਹ ਹਮੇਸ਼ਾ ਦੀ ਸਜ਼ਾ ਵਿੱਚ ਜਾਣਗੇ:...*(ਹੁਣ ਦੇਖੋ, ਇਹ ਦੁਸ਼ਟ ਹਨ।)

27 ਹੁਣ, ਪਿਆਰੇ—ਪਿਆਰੇ ਵਿਅਕਤੀ ਜਿਸਨੇ ਇਹ ਸਵਾਲ ਪੁੱਛਿਆ, ਬੱਸ ਇਸਦਾ ਬਾਕੀ ਹਿੱਸਾ ਪੜ੍ਹੋ:

*...ਪਰ ਧਰਮੀ ਸਦੀਪਕ ਜੀਵਨ ਲਈ।*

28 ਦੁਸ਼ਟ ਹਮੇਸ਼ਾ ਦੀ ਸਜ਼ਾ (ਸਮੇਂ ਦੀ ਇੱਕ ਨਿਸ਼ਚਿਤ ਮਿਆਦ) ਵਿੱਚ ਚਲੇ ਜਾਣਗੇ, ਪਰ ਧਰਮੀ ਕੋਲ ਸਦੀਪਕ ਜੀਵਨ ਹੈ। ਤੁਹਾਨੂੰ ਸਦੀਪਕ ਸਜ਼ਾ ਕਦੇ ਨਹੀਂ ਲੱਭ ਸਕੋਗੇ, ਹੋ ਹੀ ਨਹੀਂ ਸਕਦੀ। ਵੇਖੋ, ਜੇ ਉਨ੍ਹਾਂ ਨੂੰ ਸਦੀਪਕ ਸਜ਼ਾ ਮਿਲਦੀ ਹੈ, ਤਾਂ ਉਨ੍ਹਾਂ ਨੂੰ ਸਦੀਪਕ ਜੀਵਨ ਮਿਲ ਗਿਆ; ਤਾਂ ਉਨ੍ਹਾਂ ਕੋਲ ਸਦੀਪਕ ਜੀਵਨ ਹੈ, ਤਾਂ ਉਹ ਬਚਾਏ ਵੀ ਗਏ। ਦੇਖੋ, ਇਹ ਨਹੀਂ ਹੋ ਸਕਦਾ। ਹੁਣ ਜੇ ਤੁਸੀਂ ਦੇਖੋਗੇ, ਤਾਂ ਪ੍ਰਸ਼ਨ ਆਪਣੇ ਆਪ ਤੋਂ ਪੁੱਛਦਾ...ਆਪਣੇ ਆਪ ਦਾ ਜਵਾਬ ਦਿੰਦਾ ਹੈ। ਸਮਝੇ?

*ਅਤੇ ਇਹ...*

ਹੁਣ ਦੇਖੋ, ਮੈਂ ਪਹਿਲਾਂ ਇੱਥੋਂ ਲਵਾਂਗਾ:

*...ਅਤੇ ਉਹ...*

29 20ਵੀਂ ਵਿੱਚ…44ਵੀਂ ਆਇਤ:

> *…ਅਤੇ ਉਹਨਾਂ ਵੀ ਉੱਤਰ ਦਿੱਤਾ, ਉਸ ਨੂੰ ਕਿਹਾ, ਪ੍ਰਭੂ, ਕਦ ਅਸਾਂ ਤੈਨੂੰ ਭੁੱਖਾ,* ਯਾ ਕਦ ਤਿਹਾਇਆ, ਯਾ *ਇੱਕ ਪਰਦੇਸੀ,* ਯਾ *ਨੰਗਾ,…*ਯਾਕੈਦੀ *ਵੇਖਿਆ, ਅਤੇ ਤੇਰੀ ਟਹਿਲ ਨਾ ਕੀਤੀ?*
>
> *ਤਦ ਉਹ—ਤਦ ਉਹ ਉਨ੍ਹਾਂ ਨੂੰ ਇਹ ਉੱਤਰ ਦੇਵੇਗਾ, ਕਹੇਗਾ, ਮੈਂ ਤੁਹਾਨੂੰ ਸਤ ਆਖਦਾ ਹਾਂ,* ਭਈ ਜਦ *ਤੁਸਾਂ ਇਹ…ਸਭਨਾਂ ਤੋਂ ਛੋਟਿਆਂ ਵਿੱਚੋਂ ਇੱਕ ਨਾਲ ਕੀਤਾ, ਇਹ ਨਾ ਕੀਤਾ ਤਾਂ ਤੁਸੀਂ… ਮੇਰੇ ਨਾਲ ਨਾ ਕੀਤਾ।*
>
> *ਅਤੇ ਇਹ ਹਮੇਸ਼ਾ ਲਈ* (ਹਮੇਸ਼ਾ ਲਈ) *ਸਜ਼ਾ ਵਿੱਚ ਜਾਣਗੇ:* (ਇਹ ਦੁਸ਼ਟ ਹਨ)…*ਪਰ ਧਰਮੀ* ਸਦੀਪਕ ਜੀਵਨ *ਵਿੱਚ।*

30 ਫਰਕ ਵੇਖੋ? ਦੁਸ਼ਟ ਨੂੰ ਹਮੇਸ਼ਾ ਲਈ ਸਜ਼ਾ ਹੈ, ਪਰ ਹਮੇਸਾਂ ਲਈ ਇੱਕ "ਸਮੇਂ ਦੀ ਮਿਆਦ ਹੈ।" ਹੁਣ ਜੇ ਇਹ ਇੱਕੋ ਜਿਹਾ ਹੁੰਦਾ, ਤਾਂ ਇਹ ਇਸ ਤਰ੍ਹਾਂ ਲਿਖਿਆ ਹੁੰਦਾ, "ਅਤੇ ਇਹ ਹਮੇਸ਼ਾ ਲਈ ਸਜ਼ਾ ਵਿੱਚ ਜਾਣਗੇ, ਦੂਜੇ ਹਮੇਸ਼ਾ ਲਈ ਜੀਵਨ ਵਿੱਚ ਜਾਣਗੇ।" ਸਮਝੇ? ਜਾਂ, "ਇਹ ਸਦੀਪਕ ਸਜ਼ਾ ਵਿੱਚ ਜਾਣਗੇ, ਅਤੇ ਦੂਸਰੇ ਸਦੀਪਕ ਜੀਵਨ ਵਿੱਚ।" ਵੇਖੋ, ਜੇਕਰ ਕੋਈ ਸਦੀਪਕ ਸਜ਼ਾ ਹੈ, ਹਮੇਸ਼ਾ ਅਤੇ ਹਮੇਸ਼ਾ ਲਈ ਸਜ਼ਾ ਪਾਉਣ ਲਈ, ਫਿਰ ਇੱਕ ਸਦੀਪਕ ਹੈ…ਤਾਂ ਉਸਨੂੰ ਸਦੀਪਕ ਜੀਵਨ ਮਿਲ ਗਿਆ ਹੈ; ਅਤੇ ਕੇਵਲ ਇੱਕ ਹੀ ਸਦੀਪਕ ਜੀਵਨ ਹੈ, ਅਤੇ ਇਹ ਪਰਮੇਸ਼ੁਰ ਵੱਲੋਂ ਆਉਂਦਾ ਹੈ। ਹਰੇਕ ਚੀਜ ਜਿਹੜੀ ਬਿਨਾਂ ਸ਼ੁਰੂਆਤ ਦੇ ਹੈ ਉਸਦਾ ਕੋਈ ਅੰਤ ਨਹੀਂ ਹੁੰਦਾ, ਹਰ ਚੀਜ਼ ਜਿਸਦੀ ਸ਼ੁਰੂਆਤ ਹੁੰਦੀ ਹੈ ਉਸਦਾ ਅੰਤ ਹੁੰਦਾ ਹੈ। ਸਮਝੇ ਮੇਰਾ ਕੀ ਮਤਲਬ ਹੈ?

31 ਹੁਣ, ਵਚਨ ਆਪ ਹੀ ਹੈ ਜੋ ਉਸ ਪਿਆਰੇ ਵਿਅਕਤੀ ਨੂੰ ਉੱਤਰ ਦੇ ਰਿਹਾ ਹੈ…ਹੁਣ ਜੇ ਤੁਸੀਂ ਇਸਨੂੰ ਸ਼ਬਦਕੋਸ਼ ਵਿੱਚ ਲਓਗੇ, *"ਅਤੇ ਇਹ ਆਇਨੀਅਨ ਵਿੱਚ ਜਾਣਗੇ, ਕੱਟ ਦਿੱਤੇ ਜਾਣਗੇ, ਅਤੇ ਹਮੇਸ਼ਾ ਦੀ-…ਅਤੇ ਅੱਗ, ਅੱਗ ਦੀ ਝੀਲ ਵਿੱਚ ਸੁੱਟੇ ਜਾਣਗੇ।"* ਹੁਣ, *a-i-n-i-o-n* ਸ਼ਬਦ ਦਾ ਅਰਥ ਹੈ "ਸਜ਼ਾ ਦੀ ਇੱਕ ਮਿਆਦ।" ਯੂਨਾਨੀ ਸ਼ਬਦਕੋਸ਼ ਵਿੱਚ, ਬਿਲਕੁਲ ਇੱਥੇ, "ਸਜ਼ਾ ਦੀ ਮਿਆਦ," ਜਾਂ, "ਸਜ਼ਾ ਦਾ ਸਮਾਂ।" ਦੇਖੋ, "ਉਹ ਇੱਕ ਸਜ਼ਾ ਦੇ ਸਮੇਂ ਵਿੱਚ ਚਲੇ ਜਾਣਗੇ।" ਸ਼ਬਦ ਵਰਤਿਆ ਗਿਆ ਹੈ, ਏ-ਆਈ-ਐਨ-ਆਈ-ਓ-ਐਨ। *ਆਇਨੀਅਨ*, ਜਿਸਦਾ ਮਤਲਬ ਹੈ "ਸਮੇਂ, ਇੱਕ ਸਮਾਂ, ਇੱਕ ਸੀਮਤ ਸਮਾਂ।" ਫਿਰ ਇਸਨੂੰ ਵਾਪਸ ਅਨੁਵਾਦ ਵਿੱਚ—ਵਿੱਚ ਲੈ ਜਾਓ, ਅੰਗਰੇਜ਼ੀ, *ਹਮੇਸ਼ਾ* "ਇੱਕ ਸੀਮਤ ਸਮਾਂ" ਹੈ। ਦੇਖੋ, ਇਹ ਯੂਨਾਨ ਤੋਂ ਆਇਆ ਹੈ, "ਸਮੇਂ

ਦੀ ਇੱਕ ਹੱਦ।" *ਆਇਨੀਅਨ* ਸ਼ਬਦ, ਜਾਂ *ਏ-ਆਈ-ਐਨ-ਆਈ-ਓ-ਐਨ*, *ਆਇਨੀਅਨ* ਸ਼ਬਦ ਦਾ ਅਰਥ ਹੈ "ਸਜ਼ਾ ਦਾ ਇੱਕ ਸੀਮਤ ਸਮਾਂ।"

32 ਪਰ ਫਿਰ ਬਾਕੀਆਂ ਨੂੰ ਪੜ੍ਹੋ, "ਪਰ ਇਹ ਸਦੀਪਕ ਵਿੱਚ ਜਾਣਗੇ।" ਇਹ ਵੱਖਰਾ ਹੈ। ਦੇਖੋ, ਸਦੀਪਕ ਜੀਵਨ। *ਸਦੀਪਕ* ਸ਼ਬਦ "ਅਨੰਤਾ" ਤੋਂ ਆਉਂਦਾ ਹੈ, ਅਤੇ ਅਨੰਤਾ ਦੀ ਨਾ ਤਾਂ ਸ਼ੁਰੂਆਤ ਸੀ ਅਤੇ ਨਾ ਹੀ ਅੰਤ। ਇਹ ਸਦਾ *ਅਤੇ* ਸਦਾ ਲਈ ਹੈ। ਹੁਣ ਇਸ ਨਾਲ ਉੱਤਰ ਮਿਲ ਜਾਣਾ ਚਾਹੀਦਾ ਹੈ, ਵੇਖੋ, ਕਿਉਂਕਿ ਜੇ ਤੁਸੀਂ ਲਿਖਤਾਂ ਨੂੰ ਧਿਆਨ ਨਾਲ ਪੜ੍ਹੋਗੇ, ਤਾਂ ਤੁਸੀਂ ਦੇਖੋਗੇ।

33 *"ਅਤੇ ਏਹ ਹਮੇਸ਼ਾ ਲਈ ਸਜ਼ਾ ਵਿੱਚ ਜਾਣਗੇ, ਪਰ ਧਰਮੀ…"* ਦੁਸ਼ਟ ਹਮੇਸ਼ਾ ਲਈ ਸਜ਼ਾ ਵਿੱਚ ਜਾਣਗੇ, ਸਮੇਂ ਦੀ ਇੱਕ ਮਿਆਦ ਲਈ ਸਜ਼ਾ ਦਿੱਤੀ ਜਾਵੇਗੀ; ਸ਼ਾਇਦ ਇੱਕ ਅਰਬ ਸਾਲ, ਮੈਂ ਨਹੀਂ ਜਾਣਦਾ, ਪਰ ਤੁਹਾਨੂੰ ਤੁਹਾਡੇ ਪਾਪਾਂ ਦੀ ਸਜ਼ਾ ਜ਼ਰੂਰ ਮਿਲੇਗੀ। ਪਰ ਜਿਵੇਂ ਪੱਕੀ ਗੱਲ ਹੈ ਕਿ ਪਾਪ ਦੀ ਸ਼ੁਰੂਆਤ ਸੀ, ਤਾਂ ਪਾਪ ਦਾ ਅੰਤ ਵੀ ਹੋਵੇਗਾ। ਸਜ਼ਾ ਦੀ ਸ਼ੁਰੂਆਤ ਸੀ, ਅਤੇ ਸਜ਼ਾ ਦਾ ਅੰਤ ਵੀ ਹੋਵੇਗਾ। ਅਤੇ ਨਰਕ ਸ਼ੈਤਾਨ ਅਤੇ ਉਸਦੇ ਦੂਤਾਂ ਲਈ ਤਿਆਰ ਕੀਤਾ ਗਿਆ ਸੀ। ਸਮਝੇ? ਸਭ ਠੀਕ ਹੈ। ਹੁਣ, ਮੇਰੇ ਕੋਲ ਉੱਤਰ ਦੇਣ ਲਈ ਇੱਥੇ ਇੱਕ ਹੋਰ ਪ੍ਰਸ਼ਨ ਹੈ, ਬਸ ਕੁਝ ਮਿੰਟਾਂ ਵਿੱਚ, ਜੋ ਇੱਕ ਸੁੰਦਰ ਪ੍ਰਸ਼ਨ ਹੈ, ਇਸ ਨਾਲ ਮਿਲਦਾ ਜੁਲਦਾ ਹੈ।

> ਹੁਣ, ਪਰ ਇਹ ਇੱਥੇ ਹਨ: **"ਪਰ ਰਾਜ ਦੇ ਪੁੱਤ੍ਰ ਬਾਹਰ ਦੇ ਅੰਧਘੋਰ ਵਿੱਚ ਕੱਢੇ ਜਾਣਗੇ," ਕੀ ਇਹ ਉਹਨਾਂ ਨੂੰ ਪਰਮੇਸ਼ੁਰ ਦੇ ਮਨ ਵਿੱਚੋਂ ਬਾਹਰ ਕੱਢਣ ਦੇ ਬਰਾਬਰ ਹੈ?**

34 ਨਹੀਂ, ਇਹ ਉਸ ਦੇ ਬਰਾਬਰ ਨਹੀਂ ਹੋਵੇਗਾ। ਹੁਣ, ਤੁਸੀਂ ਇੱਥੇ ਵਿਆਹ ਦੇ ਭੋਜ ਦਾ ਹਵਾਲਾ ਦੇ ਰਹੇ ਹੋ। ਹੁਣ, "ਅਤੇ ਰਾਜ ਦੇ ਪੁੱਤ੍ਰ," ਜਿਵੇਂ ਕਿ ਇੱਥੇ ਪੁੱਛਿਆ ਗਿਆ ਸੀ। ਰਾਜ ਦੇ ਪੁੱਤ੍ਰ ਯਹੂਦੀ ਹਨ, ਅਤੇ ਉਹ ਬਾਹਰ ਦੇ ਅੰਧਘੋਰ ਵਿੱਚ ਕੱਢੇ ਗਏ ਸਨ। ਅਤੇ ਉਹ—ਉਹ ਬਾਹਰ ਦੇ ਅੰਧਘੋਰ ਵਿੱਚ ਕੱਢੇ ਗਏ ਹਨ, ਅਤੇ ਉਹ ਰੋਣ ਅਤੇ ਵਿਰਲਾਪ ਅਤੇ ਕਚੀਚੀਆਂ ਵੱਟਣ ਦੇ ਸਮੇਂ ਵਿੱਚੋਂ ਲੰਘੇ ਹਨ। ਉਹ ਬਾਹਰ ਦੇ ਅੰਧਘੋਰ ਵਿੱਚ ਕੱਢੇ ਗਏ ਸਨ ਕਿਉਂਕਿ ਇਹ ਤੁਹਾਨੂੰ ਅਤੇ ਮੈਨੂੰ ਤੋਬਾ ਕਰਨ ਲਈ ਸਮਾਂ ਦੇਵੇਗਾ, ਪਰ ਉਹ ਕਦੇ ਵੀ ਪਰਮੇਸ਼ੁਰ ਦੇ ਮਨ ਤੋਂ ਬਾਹਰ ਨਹੀਂ ਕੱਢੇ ਗਏ ਸਨ। ਉਹ ਇਸਰਾਏਲ ਨੂੰ ਕਦੇ ਨਹੀਂ ਭੁੱਲੇਗਾ। ਅਤੇ ਇਸਰਾਏਲ ਨੂੰ, ਜਿਵੇਂ ਕਿ ਬਾਈਬਲ ਨੂੰ ਪੜ੍ਹਨ ਵਾਲਾ ਕੋਈ ਵੀ ਪਾਠਕ ਜਾਣਦਾ ਹੈ, "ਰਾਜ ਦੇ ਪੁੱਤਰ" ਕਿਹਾ ਗਿਆ ਹੈ। ਦੇਖੋ, ਇਹ ਰਾਜ ਹੈ, ਵਾਅਦਾ ਹੈ। ਦੂਜੇ ਸ਼ਬਦਾਂ ਵਿਚ, ਪਰਮੇਸ਼ੁਰ ਕੌਮ ਨਾਲ ਕੰਮ ਕਰਦਾ ਹੈ, ਜਦੋਂ ਉਸਨੇ ਇਸਰਾਏਲ ਨਾਲ ਕੰਮ ਕੀਤਾ, ਜੋ ਰਾਜ ਦੇ ਪੁੱਤ੍ਰ ਹਨ।

35 ਹੁਣ, ਤੁਹਾਨੂੰ ਯਾਦ ਹੈ, ਉਸਨੇ ਉੱਥੇ ਕਿਹਾ ਸੀ, "ਅਤੇ ਅਬਰਾਹਾਮ ਅਤੇ ਇਸਹਾਕ ਅਤੇ ਯਾਕੂਬ," ਇੱਕ ਥਾਂ ਤੇ, "ਅੰਤ ਦੇ ਸਮੇਂ ਵਿੱਚ ਆਉਣਗੇ ਅਤੇ ਸੁਰਗ ਦੇ ਰਾਜ ਵਿੱਚ ਬੈਠਣਗੇ।" ਵੇਖੋ, ਅਤੇ ਇਹ ਕਿ ਅਬਰਾਹਾਮ, ਇਸਹਾਕ ਅਤੇ ਯਾਕੂਬ ਰਾਜ ਵਿੱਚ ਹੋਣਗੇ; ਉਹ ਸਨ, ਉਹ ਰਾਜ ਨੂੰ ਅਸੀਸ ਦੇਣ ਵਾਲੇ ਲੋਕ ਸਨ। ਪਰ ਰਾਜ ਦੇ ਪੁੱਤ੍ਰ ਬਾਹਰ ਦੇ ਅੰਧਘੋਰ ਵਿੱਚ ਕੱਢੇ ਜਾਣਗੇ।

36 ਹੁਣ, ਇੱਥੇ ਹਵਾਲਾ ਜਿੱਥੋਂ ਆਉਂਦਾ ਹੈ ਉਹ ਹੈ ਇੱਥੇ—ਇੱਥੇ ਲਾੜਾ ਹੈ। ਜਦੋਂ ਲਾੜਾ ਆਇਆ, ਜਦੋਂ ਉਹ ਸਨ...ਪੰਜ ਕੁਆਰੀਆਂ ਪ੍ਰਭੂ ਨੂੰ ਮਿਲਣ ਲਈ ਬਾਹਰ ਗਈਆਂ, ਅਤੇ—ਅਤੇ ਉਨ੍ਹਾਂ ਨੇ ਆਪਣੀਆਂ ਮਸ਼ਾਲਾਂ ਵਿੱਚ ਕੋਈ ਤੇਲ ਨਹੀਂ ਲਿਆ। ਅਤੇ ਬਾਕੀ ਪੰਜਾਂ ਨੇ ਆਪਣੀਆਂ ਮਸ਼ਾਲਾਂ ਵਿੱਚ ਤੇਲ ਲਿਆ। ਹੁਣ, ਜੇ ਤੁਸੀਂ ਧਿਆਨ ਦਿਓਗੇ, ਇਹ ਇੱਕ ਸੁੰਦਰ ਤਸਵੀਰ ਹੈ, ਯਹੂਦੀ ਅਤੇ ਪਰਾਈਆਂ ਕੌਮਾਂ ਦੋਵਾਂ ਦੇ ਨਾਲ, ਰੱਦੇ ਹੋਇਆਂ ਵਾਂਗ। ਧਿਆਨ ਵਿੱਚ ਰੱਖੋ ਕਿ, ਹਰ ਸਮੇਂ ਤਿੰਨ ਪ੍ਰਕਾਰ ਦੇ ਲੋਕ ਹੁੰਦੇ ਹਨ: ਯਹੂਦੀ, ਪਰਾਈਆਂ ਕੌਮਾਂ (ਜੋ ਰਸਮੀ ਹਨ),...; ਯਹੂਦੀ, ਪਰਾਈਆਂ ਕੌਮਾਂ, ਅਤੇ ਕਲੀਸਿਯਾ। ਜੇ ਤੁਸੀਂ ਇਹਨਾਂ ਨੂੰ ਮਿਲਾ ਦਿੰਦੇ ਹੋ, ਤਾਂ ਜਦੋਂ ਤੁਸੀਂ ਪਰਕਾਸ਼ ਦੀ ਪੋਥੀ ਵਿੱਚ ਪਹੁੰਚੋਗੇ ਤਾਂ ਤੁਸੀਂ ਨਿਸ਼ਚਤ ਤੌਰ ਤੇ ਮੁਸੀਬਤ ਵਿੱਚ ਪੈ ਜਾਓਗੇ। ਇਸ ਲਈ ਜੇਕਰ ਤੁਸੀਂ ਨਹੀਂ...

37 ਜਿਵੇਂ ਸ਼੍ਰੀ ਮਾਨ ਬੋਹਾਨੋਂਨ ਨੇ ਇੱਕ ਵਾਰ ਮੈਨੂੰ ਕਿਹਾ, "ਬਿਲੀ, ਜੋ ਕੋਈ ਵੀ ਪਰਕਾਸ਼ ਦੀ ਪੋਥੀ ਨੂੰ ਪੜ੍ਹਨ ਦੀ ਕੋਸ਼ਿਸ਼ ਕਰੇਗਾ ਉਸ ਨੂੰ ਭੈੜੇ ਸੁਪਨੇ ਆਉਣਗੇ। ਕਿਉਂ," ਉਸ ਨੇ ਕਿਹਾ, "ਇੱਥੇ ਧਰਤੀ ਉੱਤੇ ਇੱਕ ਲਾੜੀ ਹੈ, ਅਤੇ—ਅਤੇ ਅਜਗਰ ਉਸ ਨਾਲ ਯੁੱਧ ਕਰਨ ਲਈ ਆਪਣੇ ਮੂੰਹ ਵਿੱਚੋਂ ਪਾਣੀ ਵਹਾ ਰਿਹਾ ਹੈ।" ਅਤੇ ਕਿਹਾ, "ਫਿਰ ਉਸੇ ਸਮੇਂ ਲਾੜੀ ਇੱਕ ਲੱਖ ਚੁਤਾਲੀ ਹਜ਼ਾਰ ਦੇ ਰੂਪ ਵਿੱਚ ਖੜੀ ਹੈ" (ਯਹੋਵਾਹ ਵਿਟਨੈਸ ਦਾ ਸਿਧਾਂਤ) "ਸੀਨਈ ਪਹਾੜ ਤੇ। ਅਤੇ ਉਸੇ ਸਮੇਂ ਲਾੜੀ ਸਵਰਗ ਵਿੱਚ ਹੈ।" ਨਹੀਂ, ਨਹੀਂ, ਤੁਸੀਂ ਗਲਤ ਹੋ।

38 ਉੱਥੇ ਲੋਕਾਂ ਦੀਆਂ ਤਿੰਨ ਸ਼੍ਰੇਣੀਆਂ ਹਨ। ਵੇਖੋ, ਉਹ ਹਨ, ਰੱਦੇ ਹੋਏ ਯਹੂਦੀ, ਅਤੇ ਉੱਥੇ ਸੁੱਤੀ ਹੋਈ ਕੁਆਰੀ ਹੈ ਜੋ ਪਾਣੀ...ਇਹ ਇਸਤ੍ਰੀ ਦਾ ਬੀਜ ਨਹੀਂ ਹੈ, ਇਹ ਇਸਤ੍ਰੀ ਦੇ ਬੀਜ ਦਾ ਬਚਿਆ ਹੋਇਆ ਹਿੱਸਾ ਹੈ ਜਿਸ ਤੇ ਅਜਗਰ ਨੇ ਆਪਣੇ ਮੂੰਹ ਵਿੱਚੋਂ ਪਾਣੀ ਵਹਾਇਆ...ਪਰਕਾਸ਼ ਦੀ ਪੋਥੀ 11। ਅਤੇ ਫਿਰ, ਅਸਲ ਵਿੱਚ, ਇੱਕ ਲੱਖ ਚੁਤਾਲੀ ਹਜ਼ਾਰ ਯਹੂਦੀ ਲਾੜੀ ਬਿਲਕੁਲ ਵੀ ਨਹੀਂ ਸਨ, ਉਹ ਯਹੂਦੀ ਕਲੀਸਿਯਾ ਦੇ ਬਚੇ-ਖੁਚੇ ਲੋਕ ਹਨ। ਅਤੇ ਯਹੋਵਾਹ ਵਿੱਟਨੈਸ ਦਾ ਸਿਧਾਂਤ ਜੋ ਉਨ੍ਹਾਂ ਨੂੰ ਲਾੜੀ ਵਜੋਂ ਰੱਖਦਾ ਹੈ, ਮੈਂ ਨਹੀਂ ਸਮਝਦਾ

ਕਿ ਤੁਸੀਂ ਇਹ ਕਿਵੇਂ ਕਰ ਸਕਦੇ ਹੋ, ਕਿਉਂਕਿ, ਇਹ ਲਾੜੀ ਨਹੀਂ ਹੈ।

39 ਜੇ ਤੁਸੀਂ ਉੱਥੇ ਪਰਕਾਸ਼ ਦੀ ਪੋਥੀ ਵਿੱਚ ਧਿਆਨ ਦੇਵੋਗੇ, ਤਾਂ ਇਸ ਨੇ ਕਿਹਾ, "ਅਤੇ ਉਹ ਕੁਆਰੀਆਂ ਹਨ।" ਅਤੇ ਉਹ ਖੁਸਰੇ ਹਨ। ਅਤੇ ਇੱਕ ਖੁਸਰਾ ਕੀ ਸੀ? ਉਹ ਸਨ...ਖੁਸਰਾ ਮੰਦਰ ਦਾ ਪਹਿਰੇਦਾਰ ਸੀ ਜੋ ਰਾਣੀ ਦੀ ਰਾਖੀ ਕਰਦਾ ਸੀ, ਕਿਉਂਕਿ ਉਹ ਸਨ...ਹੋਣਾ-...ਉਹ ਆਦਮੀ ਸਨ ਜਿਨ੍ਹਾਂ ਨੂੰ ਨਪੁੰਸਕ ਬਣਾਇਆ ਗਿਆ ਸੀ। ਉਨ੍ਹਾਂ ਕੋਲ...ਕੀ ਤੁਸੀਂ ਧਿਆਨ ਦਿੱਤਾ, ਕਿਹਾ, "ਏਹ ਓਹ ਹਨ ਜਿਹੜੇ ਤੀਵੀਆਂ ਦੇ ਨਾਲ ਭ੍ਰਿਸ਼ਟ ਨਹੀਂ ਹੋਏ"? ਉਹ ਮੰਦਰ ਦੇ ਖੁਸਰੇ ਸਨ। ਅਤੇ ਇਹ ਇੱਕ ਚੁਣੀ ਹੋਈ ਸੰਖਿਆ ਸੀ ਜੋ ਪਰਮੇਸ਼ੁਰ ਨੇ ਯਹੂਦੀਆਂ ਦੇ ਚੁਣੇ ਹੋਏ ਲੋਕਾਂ ਵਿੱਚੋਂ ਲਈ ਸੀ। ਹੁਣ, ਜੇ ਤੁਸੀਂ ਧਿਆਨ ਦਿਓਗੇ...ਜੇ ਅਸੀਂ ਸਿਰਫ ਇੱਕ ਪਲ ਲਈ ਇਸ ਨੂੰ ਲੈ ਸਕਦੇ ਹਾਂ, ਤਾਂ ਜੋ ਇਹ ਇਸ ਨੂੰ ਤੁਹਾਡੇ ਦਿਮਾਗ ਵਿੱਚ ਬਿਠਾ ਦੇਵੇ, ਜਿੱਥੇ ਤੁਸੀਂ ਅਸਲ ਵਿੱਚ...

40 ਆਓ ਪਰਕਾਸ਼ ਦੀ ਪੋਥੀ ਲੈਂਦੇ ਹਾਂ, 7ਵਾਂ ਅਧਿਆਇ, ਅਤੇ ਅਸੀਂ ਹੁਣ ਇੱਥੇ ਪਤਾ ਲਗਾਵਾਂਗੇ, ਕਿੱਥੇ...ਇਸ ਨੇ ਕੀ ਕਿਹਾ। ਇਹ ਇੱਕ ਸੁੰਦਰ ਚੀਜ਼ ਹੈ:

> *ਇਹ ਦੇ ਮਗਰੋਂ...ਮੈਂ ਧਰਤੀ ਦੀਆਂ ਚੌਹਾਂ ਕੂੰਟਾਂ ਉੱਤੇ ਚਾਰ ਦੂਤ ਖਲੋਤੇ ਹੋਏ ਵੇਖੇ,...* (ਹੁਣ, ਇਹ ਹਿਜ਼ਕੀਏਲ 9 ਦੇ ਸਮਾਨੰਤਰ ਹੈ, ਜਿੱਥੇ ਉਸਨੇ ਯਹੂਦੀਆਂ ਦੀ ਤਬਾਹੀ ਦੇਖੀ ਸੀ। ਅਤੇ ਇੱਥੇ ਉਹ ਪਰਾਈਆਂ ਕੌਮਾਂ ਦੀ ਤਬਾਹੀ ਨੂੰ ਵੇਖਦਾ ਹੈ, ਪਰਕਾਸ਼ ਦੀ ਪੋਥੀ, 7ਵਾਂ ਅਧਿਆਇ) *...ਅਤੇ ਮੈਂ ਧਰਤੀ ਦੀਆਂ ਚੌਹਾਂ ਕੂੰਟਾਂ ਉੱਤੇ ਚਾਰ ਦੂਤ ਖਲੋਤੇ ਹੋਏ ਵੇਖੇ ਜਿਨ੍ਹਾਂ ਧਰਤੀ ਦੀਆਂ ਚੌਹਾਂ ਪੌਣਾਂ ਨੂੰ ਫੜਿਆ ਹੋਇਆ ਸੀ, ਚੌਹਾਂ ਪੌਣਾਂ ਨੂੰ ਫੜਿਆ ਹੋਇਆ ਸੀ* (*ਪੌਣਾਂ* ਦਾ ਮਤਲਬ ਹੈ "ਜੰਗ ਅਤੇ ਸੰਘਰਸ਼") *...ਤਾਂ ਜੋ ਪੌਣ ਧਰਤੀ ਉੱਤੇ, ਯਾ ਸਮੁੰਦਰ ਉੱਤੇ ਯਾ ਕਿਸੇ ਰੁੱਖ ਉੱਤੇ ਨਾ ਵਗੇ,...*(ਅਤੇ ਇਹ ਜੰਗ ਹੈ, "ਫੜਿਆ ਹੋਇਆ ਸੀ")

41 ਔਹ, ਜੇ ਸਾਡੇ ਕੋਲ ਇਸ ਪ੍ਰਸ਼ਨ ਤੇ ਵਿਸਥਾਰ ਵਿੱਚ ਜਾਣ ਦਾ ਸਮਾਂ ਹੁੰਦਾ। ਅਜਿਹਾ ਹੋਇਆ...ਇਹ ਉਹ ਥਾਂ ਹੈ ਜਿੱਥੇ ਰਸਲ ਉਲਝ ਗਿਆ ਸੀ। ਇਹ ਆਉਂਦਾ ਹੋਇਆ ਵੇਖ ਕੇ, ਰਸਲ ਨੇ ਭਵਿੱਖਬਾਣੀ ਕੀਤੀ। ਉਸ ਨੇ ਭਵਿੱਖਬਾਣੀ ਕੀਤੀ "ਇਹ ਪ੍ਰਭੂ ਯਿਸੂ ਦੀ ਆਮਦ ਹੋਵੇਗੀ," ਇਸ ਗੱਲ ਤੋਂ ਅਣਜਾਣ ਸੀ ਕਿ ਇਹ ਕਲੀਸਿਯਾ ਦਾ ਮੋਹਰਬੰਦ ਹੋਣਾ ਸੀ। ਸਮਝੇ?

42 ਅਤੇ ਉਹ ਹੈਰਾਨ ਹਨ ਕਿ ਵਿਸ਼ਵ ਯੁੱਧ ਕਿਵੇਂ...ਪਹਿਲਾ ਵਿਸ਼ਵ ਯੁੱਧ। ਦੇਖੋ, ਇਹ ਗਿਆਰ੍ਹਵੀਂ ਨਵੰਬਰ ਨੂੰ, ਦਿਨ ਦੇ ਗਿਆਰਾਂ ਵਜੇ ਰੁਕਿਆ;

ਗਿਆਰ੍ਹਵੇਂ ਮਹੀਨੇ, ਗਿਆਰ੍ਹਵੇਂ ਦਿਨ ਅਤੇ ਗਿਆਰ੍ਹਵੇਂ ਘੰਟੇ ਵਿੱਚ। ਅਤੇ ਉਸ ਤੋਂ ਤੁਰੰਤ ਬਾਅਦ, ਕਲੀਸਿਯਾ ਦੇ ਲਈ ਯਿਸੂ ਦੇ ਨਾਮ ਵਿੱਚ ਪਾਣੀ ਦਾ ਬਪਤਿਸਮਾ ਅਤੇ ਕਲੀਸਿਯਾ ਦੇ ਲਈ ਪਵਿੱਤਰ ਆਤਮਾ ਦਾ ਬਪਤਿਸਮਾ ਪ੍ਰਗਟ ਕੀਤਾ ਗਿਆ ਸੀ। ਬਿਲਕੁਲ, ਉਸ ਤੋਂ ਤੁਰੰਤ ਬਾਅਦ।

43 ਜੇ ਤੁਸੀਂ ਇਸ ਨੂੰ ਪਰਕਾਸ਼ ਦੀ ਪੋਥੀ ਵਿੱਚ ਲੈਂਦੇ ਹੋ, ਤਾਂ ਅਸੀਂ ਇਸਨੂੰ ਕਿਵੇਂ ਜੋੜਿਆ ਹੈ, ਅਤੇ ਫ਼ਿਲਦਲਫ਼ੀਆ ਯੁੱਗ ਅਤੇ ਲਾਉਦਿਕੀਆ ਯੁੱਗ ਦੇ ਵਿਚਕਾਰ। ਅਤੇ ਮੈਥੋਡਿਸਟਾਂ ਕੋਲ ਫ਼ਿਲਦਲਫ਼ੀਆ ਯੁੱਗ ਸੀ, ਜੋ ਭਾਈਚਾਰੇ ਦਾ ਪ੍ਰੇਮ ਸੀ। ਅਤੇ ਆਖਰੀ ਯੁੱਗ, ਕਲੀਸਿਯਾਈ ਯੁੱਗ, ਲਾਓਦੀਕੀਆ ਯੁੱਗ ਸੀ, ਜੋ ਕਿ ਸੀਲਗਰਮ ਯੁੱਗ ਸੀ। ਅਤੇ ਉਸਨੇ ਉੱਥੇ ਕਿਹਾ, “ਮੈਂ ਤੇਰੇ ਅੱਗੇ ਇੱਕ ਦਰਵਾਜ਼ਾ (ਖੁੱਲ੍ਹਾ ਦਰਵਾਜ਼ਾ) ਰੱਖਿਆ ਹੈ।” ਇੱਕ ਖੁੱਲਾ ਦਰਵਾਜ਼ਾ! ਅਤੇ ਜੇਕਰ ਤੁਸੀਂ ਉਹਨਾਂ ਲਿਖਤਾਂ ਤੇ ਵਾਪਸ ਜਾਓਗੇ, ਤਾਂ ਇਹ ਉਸੇ ਥਾਂ ਤੇ ਸਾਰੇ ਸੰਦੇਸ਼ ਨੂੰ ਇਕੱਠਾ ਕਰ ਦੇਵੇਗਾ, ਤੁਹਾਨੂੰ ਉਸੇ ਤਰ੍ਹਾਂ ਦਿਖਾਉਣ ਲਈ।

44 ਦੇਖੋ! ਇੱਥੇ ਬਪਤਿਸਮੇ ਵਿੱਚ, ਸਭ ਕੁਝ ਪਿਤਾ, ਪੁੱਤਰ, ਪਵਿੱਤਰ ਆਤਮਾ ਸੀ, (ਜਿਸ ਵਿੱਚ ਅਸੀਂ ਸਿੱਧੇ ਤੌਰ ਤੇ ਜਾਣਾ ਹੈ) ਜੋ ਬਿਲਕੁਲ ਇੱਕ ਕੈਥੋਲਿਕ ਸਿਧਾਂਤ ਸੀ ਅਤੇ ਇਹ ਕਦੇ ਵੀ ਇੱਕ ਮਸੀਹੀ ਸਿਧਾਂਤ ਨਹੀਂ ਸੀ। ਨਹੀਂ, ਸ਼੍ਰੀ ਮਾਨ। ਮੈਂ ਬਸ...ਇਹ ਸਾਡੇ ਕੋਲ ਇੱਥੇ ਹੀ ਹੈ, ਅੱਜ ਰਾਤ, ਇਸ ਵਿੱਚ ਆਉਣ ਲਈ; ਸ਼ਬਦਕੋਸ਼ ਦੇ ਨਾਲ ਵੀ। ਵੇਖਿਆ? ਹਾਂ, ਸ਼੍ਰੀ ਮਾਨ, ਅਤੇ ਇਤਿਹਾਸ ਨਾਲ ਵੀ। ਬਾਈਬਲ ਵਿਚ ਕਦੇ ਵੀ ਕਿਸੇ ਨੇ ਇਸ ਤਰ੍ਹਾਂ ਦਾ ਬਪਤਿਸਮਾ ਨਹੀਂ ਲਿਆ ਸੀ, ਜਾਂ ਨਾ ਹੀ ਬਾਈਬਲ ਤੋਂ ਬਾਅਦ ਦੇ ਪਹਿਲੇ ਛੇ ਸੌ ਸਾਲਾਂ ਤਕ। ਅਤੇ ਮੈਂ ਇਸਨੂੰ ਇੱਥੇ ਕੈਥੋਲਿਕ ਦੇ ਆਪਣੇ ਹੀ ਸਿਧਾਂਤ ਦੁਆਰਾ ਸਾਬਤ ਕਰ ਸਕਦਾ ਹਾਂ, ਕਿ ਉਹ ਹੀ ਹਨ ਜਿਨ੍ਹਾਂ ਨੇ ਇਸਨੂੰ ਛਿੜਕਣਾ ਅਤੇ ਡੋਲ੍ਹਣਾ ਸ਼ੁਰੂ ਕੀਤਾ ਸੀ।

45 ਉਹ ਉੱਥੋਂ ਨਿਕਲ ਕੇ ਵੈਸਲੀਅਨ ਕਲੀਸਿਯਾ ਵਿੱਚ ਆਏ, ਅਤੇ ਉੱਥੋਂ ਮੈਥੋਡਿਸਟ ਕਲੀਸਿਯਾ ਵਿੱਚ, ਮੈਥੋਡਿਸਟ ਇਸਨੂੰ ਬੈਪਟਿਸਟ ਕੋਲ ਲੈ ਕੇ ਆਇਆ, ਬੈਪਟਿਸਟ ਨੇ ਇਸਨੂੰ ਜਾਰੀ ਰੱਖਿਆ, ਅਤੇ ਇਹ ਅਜੇ ਵੀ ਇੱਕ ਝੂਠਾ ਸਿਧਾਂਤ ਹੈ! ਅਤੇ ਬਾਈਬਲ ਵਿਚ ਵਾਪਸ ਆ ਕੇ ਅਤੇ ਤੁਹਾਨੂੰ ਸਾਬਤ ਕਰ ਸਕਦਾ ਹਾਂ ਕਿ ਬਾਈਬਲ ਨੇ ਇਹ ਕਿਹਾ ਹੈ “ਤੂੰ ਜੀਉਂਦਾ ਤਾਂ ਕਹਾਉਂਦਾ ਹੈਂ, ਪਰ ਹੈਂ ਮੁਰਦਾ।” ਇਹ ਬਿਲਕੁਲ ਸਹੀ ਹੈ। ਅਤੇ ਉਨ੍ਹਾਂ ਕੋਲ...

46 ਮੈਂ ਇਹ ਸਾਬਤ ਕਰ ਸਕਦਾ ਹਾਂ ਕਿ ਬਾਈਬਲ ਨੇ ਸਿਖਾਇਆ ਸੀ ਕਿ ਉਹ ਹਨੇਰੇ ਯੁੱਗ ਤੱਕ ਬਪਤਿਸਮੇ ਵਿੱਚ ਉਸਦੇ ਨਾਮ ਦੀ ਵਰਤੋਂ ਕਰਨਗੇ, ਚੌਥੇ ਯੁੱਗ ਦੇ ਅਨੁਸਾਰ...ਕਲੀਸਿਯਾ ਯੁੱਗ ਦਾ, ਪਰਗਮੁਮ ਕਲੀਸਿਯਾਈ ਯੁੱਗ।

ਅਤੇ ਉਸਨੇ ਕਿਹਾ, ਉਸ ਪੰਦਰਾਂ ਸੌ ਸਾਲਾਂ ਦੇ ਹਨੇਰੇ ਯੁੱਗ ਵਿੱਚ, ਹਰ ਇੱਕ ਨੂੰ, ਕਿਹਾ, "ਤੇਰੇ ਕੋਲ ਥੋੜਾ ਜਿਹਾ ਪ੍ਰਕਾਸ਼ ਬਚਿਆ ਹੈ, ਕਿਉਂਕਿ ਤੂੰ ਮੇਰੇ ਨਾਮ ਤੋਂ ਇਨਕਾਰ ਨਹੀਂ ਕੀਤਾ।"

47 ਜਦੋਂ ਇਹ ਉਥੇ ਦੂਜੇ ਯੁੱਗ ਦੀ ਗੱਲ ਆਉਂਦੀ ਹੈ, ਜੋ ਕੈਥੋਲਿਕ ਯੁੱਗ ਹੈ, ਤਾਂ ਉਸਨੇ ਕਿਹਾ, "ਤੂੰ 'ਜੀਉਂਦਾ' ਤਾਂ ਕਹਾਉਂਦਾ ਹੈਂ, ਪਰ ਹੈਂ ਮੁਰਦਾ! ਅਤੇ ਤੂੰ ਮੇਰੇ ਨਾਮ ਦਾ ਇਨਕਾਰ ਕੀਤਾ ਹੈ।" ਉੱਥੇ ਤੁਸੀਂ ਹੋ। ਸਮਝੇ? ਇਹ ਸਭ ਬਸ ਇੱਕ ਵੱਡੀ ਸੁੰਦਰ ਤਸਵੀਰ ਨੂੰ ਜੋੜਦਾ ਹੈ, ਪੂਰੀ ਬਾਈਬਲ ਨੂੰ।

48 ਹੁਣ ਇਸ ਵੱਲ ਧਿਆਨ ਦਿਓ:

> *…ਚੌਹਾਂ ਪੌਣਾਂ ਨੂੰ ਫੜਿਆ ਹੋਇਆ ਸੀ…*
>
> *ਫਿਰ ਮੈਂ ਇੱਕ ਹੋਰ ਸਵਰਗਦੂਤ ਨੂੰ ਸਵਰਗ ਤੋਂ ਉੱਠਦੇ ਵੇਖਿਆ, ਜਿਸ ਦੇ ਕੋਲ ਜੀਉਂਦੇ ਪਰਮੇਸ਼ਰ ਦੀ ਮੋਹਰ ਸੀ:…*(ਮੋਹਰ)

49 ਹੁਣ, ਜੀਉਂਦੇ ਪਰਮੇਸ਼ੁਰ ਦੀ ਮੋਹਰ ਕੀ ਹੈ? ਹੁਣ, ਅਡਵੈਂਟ ਭਾਈ ਕਹਿਣਗੇ, "ਸਬਤ ਦਾ ਦਿਨ ਰੱਖੋ।" ਮੈਂ ਚਾਹੁੰਦਾ ਹਾਂ ਕਿ ਤੁਸੀਂ ਮੈਨੂੰ ਇਹ ਵਚਨ ਵਿੱਚ ਦਿਖਾਓ। ਇਹ ਉੱਥੇ ਨਹੀਂ ਹੈ। ਇੱਕ ਵੀ ਜਗ੍ਹਾ ਅਜਿਹਾ ਨਹੀਂ ਕੀਤਾ ਗਿਆ…ਇਹ ਮੋਹਰ ਹੈ—ਹੈ…

50 ਜੇ ਤੁਸੀਂ ਅਫ਼ਸੀਆਂ 4:30 ਨੂੰ ਪੜ੍ਹੋਗੇ, ਜਲਦੀ ਨਾਲ, ਤੁਹਾਨੂੰ ਪਤਾ ਲੱਗ ਜਾਵੇਗਾ ਕਿ ਜਿਉਂਦੇ ਪਰਮੇਸ਼ੁਰ ਦੀ ਮੋਹਰ ਕੀ ਹੈ। ਅਫ਼ਸੀਆਂ 4:30 ਕਹਿੰਦਾ ਹੈ, "ਪਰਮੇਸ਼ੁਰ ਦੇ ਪਵਿੱਤਰ ਆਤਮਾ ਨੂੰ ਜਿਹ ਦੇ ਨਾਲ ਛੁਟਕਾਰੇ ਦੇ ਦਿਨ ਤੀਕ ਤੁਹਾਡੇ ਉੱਤੇ ਮੋਹਰ ਲੱਗੀ ਹੋਈ ਹੈ ਉਦਾਸ ਨਾ ਕਰੋ।" ਅਗਲੀ ਬੇਦਾਰੀ ਤੱਕ ਨਹੀਂ, ਪਰ ਸਦੀਪਕ ਸੁਰੱਖਿਆ ਮਿਲੀ ਹੈ (ਊਂ-ਹੂੰ)। "ਪਰਮੇਸ਼ੁਰ ਦੇ ਪਵਿੱਤਰ ਆਤਮਾ ਨੂੰ ਜਿਹ ਦੇ ਨਾਲ ਛੁਟਕਾਰੇ ਦੇ ਦਿਨ ਤੀਕ ਤੁਹਾਡੇ ਉੱਤੇ ਮੋਹਰ ਲੱਗੀ ਹੋਈ ਹੈ ਉਦਾਸ ਨਾ ਕਰੋ।" ਦੇਖੋ ਕਿ ਕੀ ਅਫ਼ਸੀਆਂ 4:30 ਇਹ ਨਹੀਂ ਕਹਿੰਦਾ, ਫਿਰ ਜੋ ਤੁਹਾਡੀ ਬਾਈਬਲ ਦੇ ਹਾਸ਼ੀਏ ਵਿੱਚ ਲਿਖਿਆ ਹੈ ਉਸ ਨੂੰ ਲਓ ਅਤੇ ਇਸ ਨਾਲ ਬਾਕੀ ਸਾਰੇ ਵਚਨਾਂ ਵਿੱਚੋਂ ਹੋ ਕੇ ਜਾਓ, ਅਤੇ ਪਤਾ ਲਗਾਓ। ਹੁਣ, "ਛੁਟਕਾਰੇ ਦੇ ਦਿਨ ਤੀਕ ਮੋਹਰਬੰਦ। ਜਿਉਂਦੇ ਪਰਮੇਸ਼ੁਰ ਦੀ ਮੋਹਰ ਹੋਣਾ।"

51 ਹੁਣ, ਯਾਦ ਰੱਖੋ, ਪਹਿਲੇ ਵਿਸ਼ਵ ਯੁੱਧ ਦੇ ਅੰਤ ਤੀਕ ਪਵਿੱਤਰ ਆਤਮਾ ਨੂੰ ਪਵਿੱਤਰ ਆਤਮਾ ਦੇ ਬਪਤਿਸਮੇ ਵਜੋਂ ਨਹੀਂ ਸਿਖਾਇਆ ਗਿਆ ਸੀ। ਅਸੀਂ ਬਸ ਆਪਣੀ—ਆਪਣੀ ਸਵਰਨ ਜਯੰਤੀ ਨੂੰ ਮਨਾਇਆ ਹੈ, ਚਾਲੀ ਸਾਲ, ਜਾਂ ਛੁਟਕਾਰੇ ਦਾ ਚਾਲੀਵਾਂ ਸਾਲ।

*…ਅਤੇ ਉਸ ਨੇ ਉਨ੍ਹਾਂ ਚਾਰੇ ਸਵਰਗਦੂਤਾਂ ਨੂੰ ਜਿਨ੍ਹਾਂ ਨੂੰ ਧਰਤੀ ਅਤੇ ਸਮੁੰਦਰ ਨੂੰ ਨੁਕਸਾਨ ਪਹੁੰਚਾਉਣ ਦਾ ਅਧਿਕਾਰ ਦਿੱਤਾ ਗਿਆ ਸੀ, ਉੱਚੀ ਅਵਾਜ਼ ਵਿੱਚ ਪੁਕਾਰ ਕੇ ਕਿਹਾ,*

*ਕਿਹਾ, ਤੁਸੀਂ ਨਾ ਧਰਤੀ, ਨਾ ਸਮੁੰਦਰ ਅਤੇ* ਨਾ ਹੀ ਦਰਖ਼ਤਾਂ ਦਾ ਕੋਈ ਨੁਕਸਾਨ ਕਰਿਓ, ਜਦੋਂ ਤੱਕ *ਅਸੀਂ ਪਰਮੇਸ਼ਰ ਦੇ ਦਾਸਾਂ ਦੇ…* (ਹੁਣ ਤੁਸੀਂ ਆਪਣੇ ਪ੍ਰਸ਼ਨ ਤੇ ਆ ਰਹੇ ਹੋ, "*ਪੁੱਤਰ,*" ਦੇਖੋ)… *ਪਰਮੇਸ਼ਰ ਦੇ ਦਾਸਾਂ ਦੇ ਮੱਥਿਆਂ ਉੱਤੇ।* (ਨੁਕਸਾਨ ਨਾ ਕਰਿਓ, ਧਰਤੀ ਨੂੰ ਤਬਾਹ ਨਾ ਕਰਨਾ, ਪਰਮਾਣੂ ਬੰਬ ਨਾ ਫਟਣ ਦੇਣਾ, ਜਦੋਂ ਤੱਕ ਸਾਡੇ ਪਰਮੇਸ਼ੁਰ ਦੇ *ਦਾਸਾਂ* ਨੂੰ ਮੋਹਰਬੰਦ ਨਹੀਂ ਕੀਤਾ ਜਾਂਦਾ ਉਦੋਂ ਤੱਕ ਕੋਈ ਚੀਜ਼ ਪੂਰੀ ਨਾ ਹੋਣ ਦੇਣਾ)

52 ਹੁਣ, ਜੇ ਅਸੀਂ ਉਸ ਨੂੰ ਵਾਪਸ ਲੈ ਜਾ ਕੇ ਅਤੇ ਉੱਥੋਂ ਚਲਾ ਸਕਦੇ ਹਾਂ, ਕਿਵੇਂ ਉਹ—ਉਹ *ਵਿਸ਼ਵ ਯੁੱਧ ਦੇ ਪਤਨ* ਉੱਤੇ ਵੀ, ਦੂਜੇ ਭਾਗ ਵਿੱਚ, ਜਦੋਂ ਜਨਰਲ ਐਲਨਬੀ ਉਦੋਂ ਤਕ ਲੜਦਾ ਰਿਹਾ ਜਦੋਂ ਤਕ ਉਹ ਯਰੂਸ਼ਲਮ ਦੀਆਂ ਸਰਹੱਦਾਂ ਤਕ ਨਹੀਂ ਪਹੁੰਚ ਗਿਆ, ਅਤੇ ਉਸਨੇ ਬਸ ਇੰਗਲੈਂਡ ਦੇ ਰਾਜੇ ਨੂੰ ਤਾਰ ਭੇਜੀ, ਅਤੇ ਕਿਹਾ, "ਮੈਂ ਸ਼ਹਿਰ ਨੂੰ ਇਸਦੀ ਪਵਿੱਤਰਤਾ ਦੇ ਕਾਰਨ, ਅੱਗ ਨਹੀਂ ਲਗਾਉਣਾ ਚਾਹੁੰਦਾ।" ਉਸ ਨੇ ਕਿਹਾ, "ਮੈਂ ਕੀ ਕਰਾਂ?"

53 ਉਸ ਨੇ ਕਿਹਾ, "ਪ੍ਰਾਰਥਨਾ ਕਰੋ।"

54 ਅਤੇ ਉਹ ਦੁਬਾਰਾ ਇਸ ਦੇ ਉੱਪਰ ਉੱਡਣ ਲੱਗਾ, ਅਤੇ ਜਦੋਂ ਉਨ੍ਹਾਂ ਨੇ ਇਹ ਕੀਤਾ, ਤਾਂ ਉਨ੍ਹਾਂ ਨੇ ਕਿਹਾ, "ਐਲਨਬੀ ਆ ਰਿਹਾ ਹੈ।" ਅਤੇ ਉਥੇ ਮੁਸਲਮਾਨ ਲੋਕ ਸਨ, ਉਨ੍ਹਾਂ ਸੋਚਿਆ ਕਿ ਉਸਨੇ ਕਿਹਾ, "ਅੱਲ੍ਹਾ ਆ ਰਿਹਾ ਹੈ।" ਅਤੇ ਉਨ੍ਹਾਂ ਨੇ ਚਿੱਟਾ ਝੰਡਾ ਲਹਿਰਾਇਆ ਅਤੇ ਆਤਮ ਸਮਰਪਣ ਕਰ ਦਿੱਤਾ ਅਤੇ ਐਲਨਬੀ ਨੇ ਯਰੂਸ਼ਲਮ ਅੰਦਰ ਕੂਚ ਕੀਤਾ ਅਤੇ ਇੱਕ ਵੀ ਗੋਲੀ ਚਲਾਏ ਬਿਨਾਂ ਇਸ ਤੇ ਕਬਜਾ ਕਰ ਲਿਆ, ਭਵਿੱਖਬਾਣੀਆਂ ਦੇ ਅਨੁਸਾਰ, ਇਹ ਸਹੀ ਹੈ, ਅਤੇ ਇਸਨੂੰ ਯਹੂਦੀਆਂ ਦੇ ਹਵਾਲੇ ਕਰ ਦਿੱਤਾ।

55 ਫਿਰ ਉਨ੍ਹਾਂ ਨੇ ਇੱਕ ਹਿਟਲਰ ਨੂੰ ਖੜ੍ਹਾ ਕੀਤਾ ਤਾਂ ਜੋ ਯਹੂਦੀਆਂ ਨੂੰ ਦੁਨੀਆਂ ਭਰ ਵਿੱਚ ਸਤਾਵੇ, ਅਤੇ ਉਨ੍ਹਾਂ ਨੂੰ ਭਜਾ ਕੇ ਵਾਪਸ ਉੱਥੇ ਪਹੁੰਚਾਵੇ।

56 ਅਤੇ ਬਾਈਬਲ ਨੇ ਕਿਹਾ ਕਿ ਉਹ "ਉਨ੍ਹਾਂ ਨੂੰ ਉਕਾਬ ਦੇ ਖੰਭਾਂ ਤੇ ਬਿਠਾ ਕੇ ਵਾਪਸ ਲਿਆਵੇਗਾ।" ਅਤੇ ਜਦੋਂ ਉਹ ਵਾਪਸ ਆਉਣਾ ਸ਼ੁਰੂ ਕਰਦੇ ਹਨ… *ਲਾਈਫ* ਮੈਗਜ਼ੀਨ ਅਤੇ ਉਨ੍ਹਾਂ ਨੇ ਕੁਝ ਹਫ਼ਤੇ ਪਹਿਲਾਂ ਇਸ ਨੂੰ ਛਾਪਿਆ ਸੀ, ਜਿੱਥੇ ਉਹ ਉਨ੍ਹਾਂ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ, ਯਰੂਸ਼ਲਮ ਵਿੱਚ ਵਾਪਸ ਲੈ ਆਏ, ਅਤੇ ਉਹ ਉਨ੍ਹਾਂ ਬੁੱਢਿਆਂ ਨੂੰ ਆਪਣੀ ਪਿੱਠ ਉੱਤੇ ਲੱਦ ਕੇ ਲਿਆ ਰਹੇ

ਸਨ। ਉਨ੍ਹਾਂ ਦੀ ਇੰਟਰਵਿਊ ਲਈ ਗਈ। ਮੈਂ ਇਹ ਸਭ ਰੀਲ ਅਤੇ ਤਸਵੀਰ ਵਿੱਚ ਵੇਖਿਆ ਹੈ। ਅਤੇ ਉਸ ਨੇ ਕਿਹਾ...ਉਥੇ ਦਾਊਦ ਦਾ ਚਾਰ-ਤਾਰਾ ਝੰਡਾ ਟੰਗਿਆ ਹੋਇਆ ਸੀ, ਉੱਥੇ ਟੰਗਿਆ ਹੋਇਆ ਸੀ; ਦੁਨੀਆ ਦਾ ਸਭ ਤੋਂ ਪੁਰਾਣਾ ਝੰਡਾ, ਦੋ ਹਜ਼ਾਰ ਸਾਲਾਂ ਬਾਅਦ ਇਸ ਨੂੰ ਪਹਿਲੀ ਵਾਰ ਲਹਿਰਾਇਆ ਗਿਆ ਹੈ।

57 ਯਿਸੂ ਨੇ ਕਿਹਾ, "ਜਦੋਂ ਅੰਜੀਰ ਦੇ ਰੁੱਖ ਨੂੰ ਕਲੀਆਂ ਲੱਗਣਗੀਆਂ, ਇਹ ਪੀੜ੍ਹੀ ਬੀਤ ਨਾ ਜਾਵੇਗੀ।"

58 ਅਤੇ ਇੱਥੇ ਉਹ ਉਨ੍ਹਾਂ ਨੂੰ ਬਜ਼ੁਰਗਾਂ ਨੂੰ ਅੰਦਰ ਲਿਆ ਰਹੇ ਸਨ, ਅਤੇ ਕਿਹਾ, "ਕੀ? ਕੀ ਤੁਸੀਂ ਵਤਨ ਵਿੱਚ ਮਰਨ ਲਈ ਵਾਪਸ ਆ ਰਹੇ ਹੋ?"

59 ਉਨ੍ਹਾਂ ਨੇ ਕਿਹਾ, "ਨਹੀਂ, ਅਸੀਂ ਮਸੀਹਾ ਨੂੰ ਦੇਖਣ ਲਈ ਆਏ ਹਾਂ।"

60 ਅਤੇ, ਭਾਈ, ਮੈਂ ਤੁਹਾਨੂੰ ਦੱਸਦਾ ਹਾਂ, ਅਸੀਂ ਦਰਵਾਜ਼ੇ ਤੇ ਹਾਂ! ਇੱਥੇ ਦਾਸ ਹਨ, ਉਹ ਜੋ ਉੱਥੇ ਉਡੀਕ ਰਹੇ ਹਨ। ਯਹੂਦੀਆਂ ਦਾ ਇਹ ਝੁੰਡ ਨਹੀਂ ਜੋ ਤੁਹਾਨੂੰ ਠੱਗ ਕੇ ਤੁਹਾਡੇ ਨਕਲੀ ਦੰਦ ਵੀ ਲੈ ਲੈਣ, ਜਿਨ੍ਹਾਂ ਬਾਰੇ ਉਹ ਗੱਲ ਕਰ ਰਿਹਾ ਹੈ ਉਹ ਇਹ ਯਹੂਦੀ ਨਹੀਂ ਹਨ। ਪਰ ਇਹ ਉਹ ਹਨ ਜਿਨ੍ਹਾਂ ਨੇ ਵਿਵਸਥਾ ਅਤੇ ਹੋਰ ਚੀਜਾਂ ਦੀ ਪਾਲਣਾ ਕੀਤੀ ਹੈ, ਅਤੇ ਕਦੇ ਵੀ ਇਹ ਨਹੀਂ ਜਾਣਿਆ ਸੀ ਕਿ ਕੋਈ ਮਸੀਹਾ ਸੀ।

61 ਅਤੇ ਭਾਈ...ਸਟਾਕਹੋਮ ਵਿੱਚ, ਭਾਈ ਪੈਟਰਸ ਨੇ ਉਹਨਾਂ ਨੂੰ ਦੱਸ ਲੱਖ ਨਵੇਂ ਨੇਮ ਦੀਆਂ ਪੁਸਤਕਾਂ ਭੇਜੀਆਂ, ਅਤੇ ਜਦੋਂ ਉਨ੍ਹਾਂ ਨੂੰ ਇਹ ਮਿਲੀਆਂ ਤਾਂ ਉਹ ਉਨ੍ਹਾਂ ਨੂੰ ਪੜ੍ਹ ਰਹੇ ਸਨ। ਓਹਨਾਂ ਨੇ ਕਿਹਾ, "ਅੱਛਾ, ਜੇ ਇਹ ਮਸੀਹਾ ਹੈ, ਤਾਂ ਆਓ ਅਸੀਂ ਉਸਨੂੰ ਇੱਕ ਨਬੀ ਦਾ ਨਿਸ਼ਾਨ ਵਿਖਾਉਂਦੇ ਹੋਏ ਵੇਖੀਏ, ਤਦ ਅਸੀਂ ਉਸ ਤੇ ਵਿਸ਼ਵਾਸ ਕਰਾਂਗੇ।"

62 ਮੇਰੀ ਸੇਵਕਾਈ ਲਈ ਕਿੰਨਾ ਵਧੀਆ ਮੰਚ ਸੀ! ਮੈਂ ਯਰੂਸ਼ਲਮ ਦੇ ਦਰਵਾਜ਼ਿਆਂ ਦੇ ਅੰਦਰ ਵੜਨ ਤੋਂ, ਦੋ ਘੰਟੇ ਦੂਰ ਸੀ, ਅਤੇ ਮੈਂ ਮਿਸਰ ਦੇ ਕਾਹਿਰਾ ਸਹਿਰ ਵਿੱਚ ਸੀ। ਅਤੇ ਮੈਂ ਉੱਥੇ ਤੁਰਦਾ ਜਾ ਰਿਹਾ ਸੀ, ਅਤੇ ਪਵਿੱਤਰ ਆਤਮਾ ਨੇ ਕਿਹਾ, "ਹੁਣ ਨਾ ਜਾਵੀਂ।"

63 ਮੈਂ ਸੋਚਿਆ, "ਇਹ ਸਿਰਫ਼ ਮੇਰੀ ਕਲਪਨਾ ਹੀ ਸੀ। ਮੇਰੀ ਟਿਕਟ ਖਰੀਦੀ ਗਈ ਹੈ, ਮੈਂ ਆਪਣੇ ਸਫ਼ਰ ਵਿੱਚ ਹਾਂ। ਉਹ ਆਦਮੀ, ਪੂਰਾ ਸਮੂਹ, ਸਕੂਲ ਆਦਿ ਮੈਨੂੰ ਮਿਲਣ ਲਈ ਬਾਹਰ ਹਨ।"

64 ਮੈਂ ਥੋੜਾ ਅੱਗੇ ਗਿਆ, ਅਤੇ ਆਤਮਾ ਨੇ ਕਿਹਾ, "ਨਾ ਜਾਵੀਂ! ਤੂੰ ਨਾ ਜਾਵੀਂ।"

65 ਮੈਂ ਵਾਪਸ ਟਿਕਟ ਏਜੰਟ ਕੋਲ ਗਿਆ, ਮੈਂ ਕਿਹਾ, "ਮੈਂ ਇਹ ਟਿਕਟ ਰੱਦ ਕਰਦਾ ਹਾਂ। ਮੈਂ ਐਥਨਜ਼, ਗ੍ਰੀਸ, ਮਾਰਸ ਹਿੱਲ ਨੂੰ ਜਾਣਾ ਚਾਹੁੰਦਾ ਹਾਂ।

66 ਅਤੇ ਉਸਨੇ ਕਿਹਾ, "ਅੱਛਾ, ਤੁਹਾਡੀ ਟਿਕਟ ਤਾਂ ਯਰੂਸ਼ਲਮ ਲਈ ਹੈ, ਸ਼੍ਰੀ ਮਾਨ।"

67 ਮੈਂ ਕਿਹਾ, "ਮੈਂ ਯਰੂਸ਼ਲਮ ਜਾਣ ਦੀ ਬਜਾਏ ਐਥਨਜ਼ ਜਾਣਾ ਚਾਹੁੰਦਾ ਹਾਂ।" ਪਵਿੱਤਰ ਆਤਮਾ ਉਡੀਕ ਰਿਹਾ ਹੈ, ਉਹ ਸਮਾਂ ਅਜੇ ਨਹੀਂ ਆਇਆ ਹੈ। ਇਹ ਬਸ ਸਹੀ ਨਹੀਂ ਹੈ।

68 ਦੇਖੋ:

> *...ਪਰਮੇਸ਼ਰ ਦੇ ਦਾਸਾਂ ਦੇ ਮੱਥਿਆਂ ਉੱਤੇ ਮੋਹਰ ਨਹੀਂ ਲਾ ਦਿੰਦੇ,*
>
> *ਕਿਹਾ, ਨਾ ਧਰਤੀ ਦਾ ਨੁਕਸਾਨ ਕਰਿਓ...ਜਦੋਂ ਤੱਕ ਅਸੀਂ... ਸਾਡੇ ਪਰਮੇਸ਼ਰ ਦੇ ਦਾਸਾਂ ਦੇ ਮੱਥਿਆਂ ਉੱਤੇ ਮੋਹਰ ਨਹੀਂ ਲਾ ਦਿੰਦੇ।* (ਕੋਈ ਵੀ ਜਾਣਦਾ ਹੈ ਕਿ ਇਹ ਪਵਿੱਤਰ ਆਤਮਾ ਦੀ ਮੋਹਰ ਹੈ; ਦੇਖੋ)
>
> *ਫਿਰ ਜਿਨ੍ਹਾਂ ਉੱਤੇ ਮੋਹਰ ਲਾਈ ਗਈ ਸੀ ਮੈਂ ਉਨ੍ਹਾਂ ਦੀ ਗਿਣਤੀ ਸੁਣੀ:...*(ਹੁਣ, ਜੇ ਉਹ ਯਹੂਦੀ ਨਹੀਂ ਹਨ, ਤਾਂ ਇਹ ਵੇਖੋ) *...ਅਤੇ ਇਹ ਮੋਹਰ ਲੱਗੇ ਹੋਏ* ਇੱਕ ਲੱਖ ਚੁਤਾਲੀ ਹਜ਼ਾਰ *ਸਨ ਜਿਹੜੇ* ਸਾਰੇ *ਇਸਰਾਏਲ ਦੀ ਸੰਤਾਨ ਦੀ ਹਰੇਕ ਗੋਤ ਵਿੱਚੋਂ ਸਨ।* (ਉਨ੍ਹਾਂ ਵਿੱਚ ਇੱਕ ਵੀ ਗੈਰ-ਯਹੂਦੀ ਨਹੀਂ ਸੀ। ਇਹ ਅੰਤ ਦੇ ਸਮੇਂ ਤੇ ਹੈ)

69 ਦੇਖੋ! ਯਹੂਦਾ ਦੇ ਗੋਤ ਵਿੱਚੋਂ, ਬਾਰਾਂ ਹਜ਼ਾਰ; ਰਊਬੇਨ ਦੇ ਗੋਤ ਵਿੱਚੋਂ, ਬਾਰਾਂ ਹਜ਼ਾਰ; ਅਤੇ ਅੱਗੇ, ਗਾਦ, ਬਾਰਾਂ ਹਜ਼ਾਰ; ਨਫ਼ਤਾਲੀ, ਅਤੇ—ਅਤੇ—ਅਤੇ ਯਿੱਸਾਕਾਰ ਤੱਕ, ਅਤੇ—ਅਤੇ ਜ਼ਬੂਲੂਨ, ਅਤੇ ਇਸਰਾਏਲ ਦੇ ਇਹ ਸਾਰੇ ਬਾਰਾਂ ਗੋਤ। ਅਤੇ ਬਾਰਾਂ ਗੁਣਾ ਬਾਰਾਂ ਕੀ ਹੁੰਦਾ ਹੈ? ਇੱਕ ਲੱਖ ਅਤੇ ਚੁਤਾਲੀ ਹਜ਼ਾਰ। ਉੱਥੇ ਇੱਕ ਲੱਖ ਚੁਤਾਲੀ ਹਜ਼ਾਰ ਹਨ, ਯਹੂਦੀ! ਪਰਾਈਆਂ ਕੌਮਾਂ ਨਹੀਂ, ਯਹੂਦੀ! ਇਸ ਦਾ ਲਾੜੀ ਨਾਲ ਕੋਈ ਵਾਸਤਾ ਨਹੀਂ ਹੈ। ਇਸ ਲਈ ਯਹੋਵਾਹ ਵਿੱਟਨੈਸ ਉਨ੍ਹਾਂ ਦੇ ਸਿਧਾਂਤ ਤੇ ਗਲਤ ਹਨ। ਬਾਈਬਲ ਸਾਫ਼-ਸਾਫ਼ ਕਹਿੰਦੀ ਹੈ ਕਿ ਉਹ "ਯਹੂਦੀ" ਹਨ, ਅਤੇ ਉਹ ਪਰਾਈਆਂ ਕੌਮਾਂ ਨਹੀਂ ਹਨ। ਉਹ ਪਰਮੇਸ਼ੁਰ ਦੇ ਦਾਸ ਹਨ, ਅਤੇ ਪਰਾਈਆਂ ਕੌਮਾਂ ਨੂੰ ਕਦੇ ਵੀ ਦਾਸ ਨਹੀਂ ਮੰਨਿਆ ਗਿਆ ਸੀ। ਅਸੀਂ ਪੁੱਤਰ ਅਤੇ ਧੀਆਂ ਹਾਂ, ਦਾਸ ਨਹੀਂ।

70 ਹੁਣ ਇਸ ਦਾ ਬਾਕੀ ਹਿੱਸਾ ਪੜ੍ਹੋ। ਜਿਵੇਂ ਤਰਬੂਜ਼ ਖਾ ਰਿਹਾ ਆਦਮੀ, ਕਹਿੰਦਾ, "ਇਹ ਚੰਗਾ ਹੈ, ਪਰ ਆਓ ਇਸ ਵਿੱਚੋਂ ਕੁਝ ਹੋਰ ਖਾਈਏ।" ਠੀਕ

ਹੈ, ਪਰਮੇਸ਼ਰ ਕੋਲ ਇੱਥੇ ਬਹੁਤ ਕੁਝ ਹੈ। ਹੁਣ, ਬਸ ਧਿਆਨ ਦਿਓ। ਹੁਣ, ਹੁਣ ਅਸੀਂ 8ਵੀਂ ਆਇਤ ਤੇ ਹਾਂ:

> *ਅਤੇ ਜ਼ਬੂਲੂਨ ਦੇ ਗੋਤ ਵਿੱਚੋਂ...ਬਾਰਾਂ ਹਜ਼ਾਰ ਉੱਤੇ ਮੋਹਰ ਲਾਈ ਗਈ। ਯੂਸੁਫ਼ ਦੇ ਸਾਰੇ ਗੋਤ ਵਿੱਚੋਂ ਬਾਰਾਂ ਹਜ਼ਾਰ ਉੱਤੇ ਮੋਹਰ ਲਾਈ ਗਈ। ਬਿਨਯਾਮੀਨ ਦੇ ਗੋਤ ਦੇ ਬਾਰਾਂ ਹਜ਼ਾਰ ਉੱਤੇ ਮੋਹਰ ਲਾਈ ਗਈ* ਸੀ।

71 ਵੇਖੋ, ਯੂਹੰਨਾ ਨੇ, ਆਪ ਇੱਕ ਯਹੂਦੀ ਹੋਣ ਕਰਕੇ, ਉਨ੍ਹਾਂ ਵਿੱਚੋਂ ਹਰ ਇੱਕ ਨੂੰ ਪਛਾਣ ਲਿਆ, ਇਸਰਾਏਲ ਦੀਆਂ ਬਾਰਾਂ ਗੋਤਾਂ ਨੂੰ ਦੇਖਿਆ; ਹਰੇਕ ਕਬੀਲੇ ਵਿੱਚੋਂ ਬਾਰਾਂ ਹਜ਼ਾਰ, ਬਾਰਾਂ ਗੁਣਾ ਬਾਰਾਂ ਇੱਕ ਲੱਖ ਚੁਤਾਲੀ ਹਜ਼ਾਰ। ਉੱਥੇ ਉਹ ਹਨ, ਕਲੀਸਿਯਾ ਨਹੀਂ, ਪਰ ਯਹੂਦੀ ਹਨ। ਬਾਈਬਲ ਨੇ ਇੱਥੇ ਕਿਹਾ, ਉਹ ਸਾਰੇ "ਇਸਰਾਏਲ ਦੇ ਪੁੱਤਰ" ਸਨ, ਹਰ ਕਬੀਲੇ ਨੂੰ ਨਾਮ ਦਿੱਤਾ ਗਿਆ ਸੀ।

72 ਹੁਣ ਵੇਖੋ, 9ਵੀਂ ਆਇਤ:

> *ਇਸ ਤੋਂ ਬਾਅਦ* (ਹੁਣ ਇੱਥੇ ਲਾੜੀ ਆਉਂਦੀ ਹੈ)...
>
> *ਇਸ ਤੋਂ ਬਾਅਦ ਮੈਂ ਨਿਗਾਹ ਕੀਤੀ,...ਵੇਖੋ, ਇੱਕ ਵੱਡੀ ਭੀੜ, ਜਿਸ ਨੂੰ ਕੋਈ ਆਦਮੀ ਗਿਣ ਨਹੀਂ ਸੀ ਸਕਦਾ,...*

73 ਉੱਥੇ ਤੁਹਾਡੇ ਮੰਦਰ ਦੇ ਖੁਸਰੇ ਹਨ, ਉਹ ਸਿਰਫ਼ ਇੱਕ ਲੱਖ ਚੁਤਾਲੀ ਹਜ਼ਾਰ ਹਨ, ਬਸ ਇੱਕ ਛੋਟੀ ਜਿਹੀ ਜਗ੍ਹਾ ਵਿੱਚ, ਬਸ ਥੋੜੇ ਜਿਹੇ ਮੰਦਰ ਦੇ ਪਹਿਰੇਦਾਰ ਜੋ ਲਾੜੀ ਦੇ ਨਾਲ ਰਹਿਣਗੇ; ਸਿਰਫ਼ ਉਸ ਦੇ—ਸਿਰਫ਼ ਉਸ ਦੇ ਸਹਾਇਕ। ਇਹ ਇੱਕ ਲੱਖ ਚੁਤਾਲੀ ਹਜ਼ਾਰ ਹਨ, ਜੋ ਲਾੜੀ ਲਈ ਸਹਾਇਕ ਹਨ; ਮੰਦਰ ਦੇ ਖੁਸਰੇ।

74 ਦੇਖੋ! ਬੇਸ਼ੱਕ, ਮੈਂ ਜਾਣਦਾ ਹਾਂ ਕਿ ਤੁਸੀਂ ਵਾਪਸ 14 ਤੇ ਜਾਓਗੇ, ਅਤੇ ਕਹੋਗੇ, "ਕਿਉਂਕਿ, ਉਹ ਲਾੜੀ ਦੇ ਨਾਲ ਹੁੰਦੇ ਹਨ ਜਿੱਥੇ ਕਿਤੇ ਵੀ ਉਹ..." ਬਿਲਕੁਲ! ਰਾਣੀ ਜਿੱਥੇ ਵੀ ਜਾਂਦੀ ਸੀ ਖੁਸਰੇ ਉਸ ਦੇ ਨਾਲ ਯਾਤਰਾ ਕਰਦੇ ਸਨ। ਸੱਚਮੁੱਚ! ਪਰ ਉਹ ਕੀ ਸਨ? ਉਹ ਸਹਾਇਕ ਤੋਂ ਇਲਾਵਾ ਕੁਝ ਨਹੀਂ ਸਨ, ਅਤੇ ਇਹ ਬਿਲਕੁਲ ਉਹੀ ਹੈ ਜੋ ਵਚਨ ਇਸ ਨੂੰ ਹੋਣ ਦਾ ਐਲਾਨ ਕਰਦਾ ਹੈ।

75 ਧਿਆਨ ਦਿਓ:

> *ਇਸ ਤੋਂ ਬਾਅਦ...ਅਤੇ, ਵੇਖੋ, ਇੱਕ ਵੱਡੀ ਭੀੜ, ਜਿਸ ਨੂੰ ਕੋਈ ਆਦਮੀ ਗਿਣ ਨਹੀਂ ਸੀ ਸਕਦਾ, ਹਰੇਕ ਕੌਮ,...ਗੋਤ,...ਜਾਤੀ*

> *ਅਤੇ ਭਾਸ਼ਾ ਵਿੱਚੋਂ,*...(ਇੱਥੇ ਤੁਹਾਡੀ ਪਰਾਈਆਂ ਕੌਮਾਂ ਦੀ ਲਾੜੀ ਆ ਰਹੀ ਹੈ, ਠੀਕ ਹੈ) ...ਇਹ *ਖੜੇ ਸਨ...ਲੇਲੇ ਦੇ ਸਾਹਮਣੇ,* (ਉੱਥੇ ਉਨ੍ਹਾਂ ਦਾ ਮੁਕਤੀਦਾਤਾ, ਉਹ ਲੇਲਾ ਹੈ, ਸ਼ਰਾ ਨਹੀਂ: ਲੇਲਾ, ਕਿਰਪਾ) ...*ਚਿੱਟੇ ਬਸਤਰ ਪਹਿਨੇ,*...(ਵੇਖੋ, ਕੁਝ ਮਿੰਟਾਂ ਵਿੱਚ, ਦੇਖੋ ਕੀ ਚਿੱਟੇ ਬਸਤਰ ਸੰਤ ਦੀ ਧਾਰਮਿਕਤਾ ਨਹੀਂ ਹਨ)...*ਅਤੇ ਉਨ੍ਹਾਂ ਦੇ ਹੱਥਾਂ ਵਿੱਚ ਖਜੂਰ ਦੀਆਂ ਟਹਿਣੀਆਂ ਸਨ;*
>
> *ਅਤੇ ਉਨ੍ਹਾਂ ਉੱਚੀ ਅਵਾਜ਼ ਵਿੱਚ ਪੁਕਾਰ ਕੇ ਕਿਹਾ,*...(ਕੀ ਇਹ ਇੱਕ ਪੈਂਟੀਕੋਸਟਲ ਬੇਦਾਰੀ ਨਹੀਂ ਹੈ, ਮੈਂ ਕਦੇ ਨਹੀਂ ਸੁਣੀ)...*ਕਹਿ ਰਹੇ ਸਨ, ਮੁਕਤੀ ਸਾਡੇ ਪਰਮੇਸ਼ੁਰ ਵੱਲੋਂ ਜਿਹੜਾ ਸਿੰਘਾਸਣ ਉੱਤੇ* ਬਿਰਾਜਮਾਨ ਹੈ, *ਅਤੇ ਲੇਲੇ ਵੱਲੋਂ ਹੈ।*
>
> *ਅਤੇ ਸਾਰੇ ਸਵਰਗਦੂਤ ਜਿਹੜੇ ਸਿੰਘਾਸਣ ਦੇ ਅਤੇ ਬਜ਼ੁਰਗਾਂ ਦੇ ਅਤੇ ਚਾਰੇ ਪ੍ਰਾਣੀਆਂ ਦੇ ਆਲੇ-ਦੁਆਲੇ ਖੜ੍ਹੇ ਸਨ,*...ਭਾਰ *ਡਿੱਗ ਪਏ... ਸਿੰਘਾਸਣ ਦੇ ਸਾਹਮਣੇ ਮੂੰਹ ਦੇ ਭਾਰ ਡਿੱਗ ਪਏ, ਅਤੇ ਪਰਮੇਸ਼ਰ ਦੀ ਅਰਾਧਨਾ ਕੀਤੀ,*
>
> *ਕਿਹਾ, ਆਮੀਨ: ਅਸੀਸ,...ਮਹਿਮਾ,...ਬੁੱਧ,...ਧੰਨਵਾਦ... ਆਦਰ,*...ਸ਼ਕਤੀ, ਸਮਰੱਥਾ, *ਯੁਗੋ-ਯੁਗ ਸਾਡੇ ਪਰਮੇਸ਼ਰ* ਦੀ *ਹੋਵੇ। ਆਮੀਨ।*

76 ਇਹ ਇੱਕ ਤੰਬੂ ਦੀ ਸਭਾ ਵਰਗਾ ਲੱਗ ਰਿਹਾ ਹੈ, ਹੈ ਨਾ? ਹੋਣ ਜਾ ਰਿਹਾ ਹੈ! ਉਹ ਕੌਣ ਸੀ? ਇੱਕ ਲੱਖ ਚੁਤਾਲੀ ਹਜ਼ਾਰ? ਬਿਲਕੁਲ ਨਹੀਂ! ਵੱਡੀ ਭੀੜ ਜਿਹ ਦੀ ਗਿਣਤੀ ਕਿਸੇ ਮਨੁੱਖ ਕੋਲੋਂ ਨਹੀਂ ਹੁੰਦੀ...ਹਰੇਕ ਗੋਤ, ਜਾਤੀ ਅਤੇ ਭਾਸ਼ਾ ਵਿੱਚੋਂ। ਕੀ ਤੁਸੀਂ ਨਹੀਂ ਦੇਖ ਸਕਦੇ, ਮੇਰੇ ਦੋਸਤ?

77 ਹੁਣ ਦੇਖੋ, ਇਸਨੂੰ ਪੜ੍ਹੋ। ਹੁਣ:

> *ਅਤੇ ਓਹਨਾਂ ਬਜ਼ੁਰਗਾਂ ਵਿੱਚੋਂ ਇੱਕ ਨੇ, ਮੈਨੂੰ ਇਹ ਕਹਿ ਕੇ ਪੁੱਛਿਆ, "ਇਹ ਸਫ਼ੇਦ ਵਸਤਰ ਪਹਿਨੇ ਹੋਏ ਲੋਕ...ਕੌਣ ਹਨ? ਅਤੇ ਕਿੱਥੋਂ ਆਏ ਹਨ?"*

78 ਬਜ਼ੁਰਗ ਨੇ ਯੂਹੰਨਾ ਨੂੰ ਕਿਹਾ, ਜੋ ਇੱਕ ਯਹੂਦੀ ਸੀ ਜਿਸ ਨੇ ਇੱਕ ਲੱਖ ਚੁਤਾਲੀ ਹਜ਼ਾਰ ਨੂੰ ਪਛਾਣਿਆ ਸੀ, ਕਿਹਾ, "ਹੁਣ, ਤੂੰ ਉਨ੍ਹਾਂ ਨੂੰ ਜਾਣਦਾ ਸੀ, ਉਹ ਸਾਰੇ ਯਹੂਦੀ ਸਨ। ਪਰ ਇਹ ਕੌਣ ਹਨ? ਇਹ ਕਿੱਥੋਂ ਆਏ ਸਨ?" ਦੇਖੋ ਬਜ਼ੁਰਗ ਨੇ ਕੀ ਕਿਹਾ? "ਬਜ਼ੁਰਗਾਂ ਵਿੱਚੋਂ ਇੱਕ ਨੇ ਜਵਾਬ ਦਿੱਤਾ," (ਇਹ ਉਹ ਬਜ਼ੁਰਗ ਸੀ ਜੋ ਸਿੰਘਾਸਣ ਦੇ ਸਾਹਮਣੇ ਹਨ) "ਮੈਨੂੰ ਉੱਤਰ ਦਿੱਤਾ, ਕਿਹਾ, 'ਏਹ ਜਿਨ੍ਹਾਂ ਚਿੱਟੇ ਬਸਤਰ ਪਹਿਨੇ ਹਨ ਕੌਣ ਹਨ? ਅਤੇ ਕਿੱਥੋਂ ਆਏ ਹਨ?

ਹੁਣ, ਅਸੀਂ ਸਾਰੇ ਯਹੂਦੀਆਂ ਅਤੇ ਉਨ੍ਹਾਂ ਦੇ ਨੇਮ ਆਦਿ ਨੂੰ ਜਾਣਦੇ ਹਾਂ, ਪਰ ਇਹ ਕਦੋਂ ਆਏ?'" ਹੁਣ ਦੇਖੋ:

*ਅਤੇ ਮੈਂ ਉਸ ਨੂੰ ਕਿਹਾ, ਸ਼੍ਰੀ ਮਾਨ, ਤੁਸੀਂ ਹੀ ਜਾਣਦੇ ਹੋ।"* ("ਮੈਂ—ਮੈਂ—ਮੈਂ ਨਹੀਂ ਜਾਣਦਾ," ਯੂਹੰਨਾ ਨੇ ਕਿਹਾ, "ਇਹ ਮੇਰੀ ਸਮਝ ਤੋਂ ਬਾਹਰ ਹੈ। ਮੈਂ ਨਹੀਂ ਜਾਣਦਾ।") *ਤਦ ਉਸ ਨੇ ਮੈਨੂੰ ਕਿਹਾ, ਇਹ ਉਹ ਹਨ* ਜਿਹੜੇ *ਵੱਡੇ* ਕਸ਼ਟ *ਵਿੱਚੋਂ ਦੀ ਨਿੱਕਲ ਕੇ ਆਏ ਹਨ,* ("ਅਜ਼ਮਾਇਸ਼ਾਂ ਅਤੇ ਇਹਨਾਂ ਬਹੁਤ ਸਾਰੇ ਖ਼ਤਰਿਆਂ, ਕਠਿਨਾਈਆਂ ਅਤੇ ਫੰਦਿਆਂ ਵਿੱਚੋਂ, ਮੈਂ ਪਹਿਲਾਂ ਹੀ ਆ ਗਿਆ ਹਾਂ।" ਸਮਝੇ?) ...ਇਹ ਉਹ ਹਨ ਜਿਹੜੇ *ਵੱਡੇ ਕਸ਼ਟ ਵਿੱਚੋਂ* ਦੀ ਨਿੱਕਲ ਕੇ ਆਏ ਹਨ, *ਅਤੇ ਇਨ੍ਹਾਂ ਨੇ ਆਪਣੇ ਵਸਤਰਾਂ ਨੂੰ ਧੋ ਕੇ,...* (ਕਲੀਸਿਯਾ ਵਿੱਚ? ਕੀ ਇਹ ਸਹੀ ਲੱਗ ਰਿਹਾ ਹੈ?) ...*ਉਨ੍ਹਾਂ ਨੇ ਆਪਣੇ ਬਸਤਰ ਧੋਤੇ ਹਨ, ਅਤੇ ਉਨ੍ਹਾਂ ਨੂੰ ਲੇਲੇ ਦੇ ਲਹੂ ਵਿੱਚ ਧੋ ਕੇ ਸਫ਼ੇਦ ਕੀਤਾ ਹੈ।*

...ਇਹ *ਪਰਮੇਸ਼ਰ ਦੇ ਸਿੰਘਾਸਣ ਦੇ ਸਾਹਮਣੇ ਹਨ, ਅਤੇ ਰਾਤ-ਦਿਨ ਉਸ ਦੀ ਸੇਵਾ ਕਰਦੇ ਹਨ...* (ਮੇਰੇ ਘਰ ਵਿਚ ਮੇਰੀ ਸੇਵਾ ਕੌਣ ਕਰਦਾ ਹੈ? ਮੇਰੀ ਪਤਨੀ। ਕੀ ਇਹ ਸਹੀ ਹੈ?)...ਅਤੇ *ਉਸਦੇ ਮੰਦਰ ਵਿੱਚ:...* (ਇਹ ਉਹ ਹੈ ਜੋ ਮੇਰੇ ਘਰ ਅਤੇ ਮੇਰੀ ਆਰਥਿਕਤਾ ਵਿੱਚ ਮੇਰੇ ਨਾਲ ਰਹਿੰਦੀ ਹੈ, ਉਹ ਮੇਰੀ ਪਤਨੀ ਹੈ। ਉਹੀ ਹੈ ਜੋ ਮੇਰੇ ਨਾਲ ਬੈਠਦੀ ਹੈ, ਅਤੇ ਮੇਰੇ ਕੱਪੜੇ ਧੋਂਦੀ ਹੈ, ਅਤੇ ਮੇਰੇ ਲਈ ਚੀਜ਼ਾਂ ਨੂੰ ਤਿਆਰ ਰੱਖਦੀ ਹੈ) *...ਅਤੇ ਉਹ ਜਿਹੜਾ ਸਿੰਘਾਸਣ* ਉੱਤੇ ਬਿਰਾਜਮਾਨ *ਹੈ ਆਪਣਾ ਡੇਰਾ ਓਹਨਾਂ ਦੇ ਵਿਚਕਾਰ ਤਾਣੇਗਾ।* (ਔਹ, ਮੇਰੇ, ਸੁਣੋ!)

ਉਹ *ਅੱਗੇ ਤੋਂ ਨਾ ਭੁੱਖੇ ਨਾ ਹੋਣਗੇ,...*(ਇੰਝ ਲੱਗਦਾ ਹੈ ਕਿ ਉਹਨਾਂ ਕਾਫੀ ਭੁੱਖਾਂ ਕੱਟੀਆਂ ਸਨ) *...ਨਾ ਹੀ ਉਹ* ਫਿਰ ਕਦੇ ਪਿਆਸੇ ਹੋਣਗੇ; ਨਾ *ਫਿਰ* ਕਦੇ *ਧੁੱਪ, ਨਾ ਕੋਈ ਲੂ ਓਹਨਾਂ ਉੱਤੇ ਪਵੇਗੀ,*

*ਕਿਉਂ ਜੋ ਲੇਲਾ ਜਿਹੜਾ ਸਿੰਘਾਸਣ ਦੇ ਵਿਚਕਾਰ ਹੈ, ਓਹਨਾਂ ਦਾ ਅਯਾਲੀ ਹੋਵੇਗਾ, ਅਤੇ ਓਹਨਾਂ ਨੂੰ ਅੰਮ੍ਰਿਤ* ਜਲ *ਦਿਆਂ ਸੋਤਿਆਂ ਕੋਲ ਲੈ ਜਾਵੇਗਾ; ਅਤੇ ਪਰਮੇਸ਼ੁਰ ਪੂੰਝੇਗਾ...ਉਨ੍ਹਾਂ ਦੀਆਂ ਅੱਖਾਂ ਤੋਂ ਹਰੇਕ ਹੰਝੂ ਪੂੰਝ ਦੇਵੇਗਾ।* (ਉੱਥੇ ਉਹ ਹੈ, ਉੱਥੇ ਤੁਹਾਡੀ ਲਾੜੀ ਹੈ)

79 ਇਹ ਤੁਹਾਡੇ ਇੱਕ ਲੱਖ ਚੁਤਾਲੀ ਹਜ਼ਾਰ ਹਨ, ਜੋ ਤੁਹਾਡੇ ਦਾਸ ਹਨ। ਇਸ ਲਈ ਇੱਥੇ "ਰਾਜ ਦੇ ਪੁੱਤ੍ਰ", ਪਿਆਰੇ ਵਿਅਕਤੀ ਜਿਸਨੇ ਇਹ ਪ੍ਰਸ਼ਨ

ਪੁੱਛਿਆ, ਇਹ ਇੱਕ…ਜਿਸ ਨੇ ਇਹ ਮਹੱਤਵਪੂਰਨ ਪ੍ਰਸ਼ਨ ਪੁੱਛਿਆ। ਮੈਨੂੰ ਲੱਗਦਾ ਹੈ ਕਿ ਸ਼ਾਇਦ ਮੈਂ ਇਸਨੂੰ ਇੱਥੇ ਛੱਡ ਦਿੱਤਾ ਹੈ…ਇੱਥੇ ਕਿਤੇ, ਪਰ "ਜਦੋਂ ਉਹ ਬਾਹਰ ਕੱਢੇ ਜਾਣਗੇ," ਇਸ ਦਾ ਇਹ ਮਤਲਬ ਨਹੀਂ ਹੈ ਕਿ ਉਹ ਪਰਮੇਸ਼ੁਰ ਦੇ ਮਨ ਵਿੱਚੋਂ ਬਾਹਰ ਕੱਢ ਦਿੱਤੇ ਜਾਣਗੇ। ਉਹ ਇੱਕ ਰੁੱਤ ਲਈ ਆਤਮਕ ਲਾਭ ਲੈਣ ਤੋਂ ਬਾਹਰ ਹੋ ਜਾਂਦੇ ਹਨ। ਦੇਖੋ, ਸਿਰਫ ਇੱਕ ਛੋਟੀ ਜਿਹੀ ਰੁੱਤ ਲਈ।

80 ਕਿਉਂਕਿ, ਜਦੋਂ ਨਬੀ ਨੇ ਇਜ਼ਰਾਈਲ ਨੂੰ ਇਸ ਦਿਨ ਵਿੱਚ ਵੇਖਿਆ ਕਿ ਉਹ ਆ ਰਹੀ ਸੀ, ਉਸਨੇ ਕਿਹਾ, "ਅੱਛਾ, ਕੀ ਇਸਰਾਏਲ ਉਦੋਂ ਰਹੇਗਾ ਜਦੋਂ ਸਬਤ ਦਾ ਦਿਨ ਖੋਹ ਲਿਆ ਜਾਵੇਗਾ, ਅਤੇ—ਅਤੇ ਉਹ ਸਬਤ ਦੇ ਦਿਨ ਵੀ ਕਿਸੇ ਹੋਰ ਦਿਨ ਵਾਂਗ ਹੀ ਵੇਚਦੇ ਹਨ, ਅਤੇ ਇਹ ਸਾਰੀਆਂ ਚੀਜ਼ਾਂ?" ਉਸ ਨੇ ਕਿਹਾ, "ਖੈਰ, ਕੀ ਤੂੰ—ਕੀ ਤੂੰ ਕਦੇ…ਕੀ ਇਜ਼ਰਾਈਲ ਨੂੰ ਪੂਰੀ ਤਰ੍ਹਾਂ ਭੁੱਲਾ ਦਿੱਤਾ ਜਾਵੇਗਾ?"

81 ਉਸ ਨੇ ਕਿਹਾ, "ਇਹ ਸਵਰਗ ਕਿੰਨਾ ਉੱਚਾ ਹੈ? ਧਰਤੀ ਕਿੰਨੀ ਡੂੰਘੀ ਹੈ? ਇਸ ਨੂੰ ਇਸ ਸੋਟੀ ਨਾਲ ਮਾਪ ਜੋ ਤੇਰੇ ਸਾਹਮਣੇ ਪਈ ਹੈ।"

ਉਸ ਨੇ ਕਿਹਾ, "ਮੈਂ ਇਹ ਨਹੀਂ ਕਰ ਸਕਦਾ!"

82 ਉਸ ਨੇ ਕਿਹਾ, "ਨਾ ਹੀ ਮੈਂ ਇਸਰਾਏਲ ਨੂੰ ਕਦੇ ਭੁੱਲ ਸਕਦਾ ਹਾਂ।" ਯਕੀਨਨ ਨਹੀਂ! ਇਜ਼ਰਾਈਲ ਨੂੰ ਕਦੇ ਵੀ ਭੁਲਾਇਆ ਨਹੀਂ ਜਾਵੇਗਾ।

83 ਇਸ ਲਈ, ਤੁਸੀਂ ਦੇਖੋ, *ਹਮੇਸ਼ਾ* ਲਈ ਅਤੇ *ਸਦੀਪਕ* ਦੋ ਵੱਖਰੀਆਂ ਚੀਜ਼ਾਂ ਹਨ। ਇਸਰਾਏਲ ਨੂੰ ਬਾਹਰ ਕੱਢ ਦਿੱਤਾ ਗਿਆ ਸੀ, ਪਰ ਪਰਮੇਸ਼ੁਰ ਦੇ ਮਨ ਵਿੱਚੋਂ ਨਹੀਂ। ਅਤੇ ਪੌਲੁਸ ਇਸ ਬਾਰੇ ਇੱਥੇ ਬੋਲਦਾ ਹੈ, ਜੇ ਮੇਰੇ ਕੋਲ ਇੱਕ… ਪੜ੍ਹਨ ਦਾ ਸਮਾਂ ਹੁੰਦਾ, ਤਾਂ ਜੋ ਮੈਂ ਛੇਤੀ ਨਾਲ ਉਸ ਲਿਖਤ ਨੂੰ ਲੈਂਦਾ ਜੋ… ਮੈਂ ਉਹਨਾਂ ਨੂੰ ਤੁਹਾਡੇ ਲਈ ਦੱਸ ਸਕਦਾ ਹਾਂ, ਦੇਖੋ, ਜੋ ਵੀ ਮੇਰੇ ਮਨ ਵਿੱਚ ਆਉਂਦਾ ਹੈ।

84 ਪੌਲੁਸ ਨੇ ਉੱਥੇ ਬੋਲਦੇ ਹੋਏ, ਕਿਹਾ ਕਿ ਅਸੀਂ ਪਰਾਈਆਂ ਕੌਮਾਂ ਇਹ ਧਿਆਨ ਰੱਖੀਏ, ਜੋ ਚਾਲ ਅਸੀਂ ਚਲੇ ਹਾਂ ਅਤੇ ਅਤੇ ਜੋ ਕੁਝ ਅਸੀਂ ਕੀਤਾ ਹੈ। ਸਮਝੇ? ਕਿਉਂਕਿ ਜੇ ਪਰਮੇਸ਼ੁਰ ਨੇ ਪਹਿਲੀ ਟਾਹਣੀ ਨੂੰ ਨਹੀਂ ਬਖਸ਼ਿਆ, ਤਾਂ ਵੇਖੋ, ਅਤੇ ਅਸੀਂ ਜੋ ਸਿਰਫ ਪੇਉਂਦ ਚਾੜ੍ਹੇ ਗਏ ਹਾਂ, ਵੇਖੋ,…ਅਤੇ ਇਸਰਾਏਲ, ਜੋ ਇੱਕ ਰੁੱਤ ਲਈ ਅੰਨ੍ਹਾ ਕੀਤਾ ਗਿਆ ਸੀ, ਉਸ ਨੇ ਕਿਹਾ। ਬਸ ਇੱਕ ਰੁੱਤ ਲਈ, ਇਸਰਾਏਲ ਅੰਨ੍ਹਾ ਕੀਤਾ ਗਿਆ ਸੀ। ਇਹ ਠੀਕ ਹੈ, ਪਰ ਉਹਨਾਂ ਦੀਆਂ ਅੱਖਾਂ ਤੋਂ ਪਰਦਾ ਹਟਾ ਦਿੱਤਾ ਜਾਵੇਗਾ। ਅਤੇ ਇਹ ਉਦੋਂ ਹੁੰਦਾ ਹੈ ਜਦੋਂ ਆਖਰੀ ਗੈਰ-ਯਹੂਦੀ ਪਰਮੇਸ਼ੁਰ ਦੇ ਰਾਜ ਵਿੱਚ ਜਨਮ ਲੈਂਦਾ ਹੈ, ਤਦ ਉਨ੍ਹਾਂ

ਦਾ ਪਰਦਾ ਇਸਰਾਏਲ ਦੀਆਂ ਅੱਖਾਂ ਤੋਂ ਹਟਾ ਦਿੱਤਾ ਜਾਂਦਾ ਹੈ। ਅਤੇ ਉਹ ਕਹਿਣਗੇ, "ਇਹ ਉਹ ਮਸੀਹਾ ਹੈ ਜਿਸਨੂੰ ਅਸੀਂ ਦੇਖਣ ਲਈ ਉਡੀਕਦੇ ਸੀ।" ਇਹ ਸਹੀ ਹੈ, ਪਰ ਪਰਾਈਆਂ ਕੌਮਾਂ ਦਾ ਦਰਵਾਜ਼ਾ ਬੰਦ ਹੈ (ਕਿਸ਼ਤੀ ਬੰਦ—ਬੰਦ ਹੈ), ਉਸ ਸਮੇਂ ਪਰਾਈਆਂ ਕੌਮਾਂ ਲਈ ਕੋਈ ਹੋਰ—ਕੋਈ ਹੋਰ ਕਿਰਪਾ ਨਹੀਂ ਬਚੇਗੀ।

85 ਹੁਣ, ਮੈਂ ਇੱਕ ਪ੍ਰਸ਼ਨ ਤੇ ਬਹੁਤ ਸਾਰਾ ਸਮਾਂ ਲੈ ਲੈਂਦਾ ਹਾਂ। ਅਤੇ ਕੋਈ ਕਹੇਗਾ, "ਹੁਣ ਤੁਸੀਂ ਮੇਰੇ ਪ੍ਰਸ਼ਨ ਤਕ ਨਹੀਂ ਆਉਂਦੇ।" ਖੈਰ, ਅਸੀਂ ਜਲਦੀ ਕਰਾਂਗੇ ਅਤੇ ਦੇਖਾਂਗੇ ਕਿ ਕੀ ਅਸੀਂ ਇਸ ਤੱਕ ਪਹੁੰਚ ਸਕਦੇ ਹਾਂ ਜਾਂ ਨਹੀਂ।

86 ਠੀਕ ਹੈ, ਇੱਥੇ ਇੱਕ—ਇੱਕ ਲੰਮਾ ਪ੍ਰਸ਼ਨ ਹੈ। ਅਤੇ ਇਸਦਾ ਹਰ ਇੱਕ ਹਿੱਸਾ ਜੋ ਕਿਸੇ ਔਰਤ ਜਾਂ ਆਦਮੀ ਨੇ ਪੁੱਛਿਆ ਹੈ, ਜਾਂ ਜੋ ਵੀ ਇਹ ਹੈ, ਸਹੀ ਹੈ।

53. **ਕੀ ਇਹ ਸੱਚ ਨਹੀਂ ਹੈ ਕਿ ਪ੍ਰਭੂ ਯਿਸੂ ਸਾਰੇ ਸੰਸਾਰ ਲਈ ਨਹੀਂ ਮਰਿਆ, ਭਾਵ ਸੰਸਾਰ ਵਿੱਚ ਹਰ ਕਿਸੇ ਲਈ, ਪਰ ਸਗੋਂ…**(ਹੁਣ, ਮੈਂ ਇਸਦੀ ਵਿਆਖਿਆ ਕਰਾਂਗਾ, ਪਰ ਉਹ, ਪੁਰਖ ਜਾਂ ਇਸਤ੍ਰੀ, ਜੋ ਵੀ ਇਹ ਹੈ, ਇੱਕ ਔਰਤ ਦੀ ਲਿਖਾਈ ਲੱਗਦੀ ਹੈ।) **…ਪਰ ਸਗੋਂ ਉਹਨਾਂ—ਸਗੋਂ ਉਹਨਾਂ ਲਈ ਜੋ ਦੁਨੀਆਂ ਦੇ ਹਰ ਹਿੱਸੇ ਵਿੱਚ ਹਨ, ਜਿਨ੍ਹਾਂ ਨੂੰ ਪਿਤਾ ਨੇ ਉਸਨੂੰ ਦਿੱਤਾ ਹੈ? ਉਹ ਜਿਨ੍ਹਾਂ ਨੂੰ ਸੰਸਾਰ ਦੀ ਨੀਂਹ ਰੱਖਣ ਤੋਂ ਪਹਿਲਾਂ, ਪਰਮੇਸ਼ੁਰ ਨੇ ਸਦੀਪਕ ਜੀਵਨ ਲਈ ਠਹਿਰਾਇਆ ਸੀ, ਜਿਨ੍ਹਾਂ ਨੂੰ ਉਸ ਨੇ ਆਪਣੀ ਮਰਜੀ ਦੇ ਨੇਕ ਇਰਾਦੇ ਨਾਲ ਚੁਣਿਆ ਸੀ?**

87 ਬਿਲਕੁਲ, ਇਹ ਸਹੀ ਹੈ! ਇਹ ਬਿਲਕੁਲ ਸਹੀ ਹੈ। ਯਿਸੂ ਜਿਸ ਲਈ ਮਰਿਆ…ਨਾ ਸਿਰਫ਼ ਕਰਨ ਲਈ…ਉਹ ਉਦੇਸ਼ ਹੈ।

88 ਆਓ ਦੇਖੀਏ, ਮੈਂ ਵਿਸ਼ਵਾਸ ਕਰਦਾ ਹਾਂ…ਮੈਨੂੰ—ਮੈਨੂੰ ਵਿਸ਼ਵਾਸ ਹੈ ਕਿ ਉਹ ਪੜ੍ਹਦੇ ਹਨ…ਇਸ ਬਾਰੇ ਇੱਕ ਪ੍ਰਸ਼ਨ ਆਉਂਦਾ ਹੈ:

54. **ਵਚਨ ਨਿਸੰਗ ਸਾਨੂੰ ਦੱਸਦਾ ਹੈ ਕਿ ਇਹ ਉਹ ਹਨ ਜੋ ਨਹੀਂ—ਇਹ ਉਹ ਹਨ ਜੋ ਬਚਾਏ ਨਹੀਂ ਜਾਣਗੇ। ਇਸ ਲਈ…**

89 ਇਹ ਬਿਲਕੁਲ ਸਹੀ ਹੈ। ਵਚਨ ਸਾਨੂੰ ਦੱਸਦਾ ਹੈ ਕਿ ਅਜਿਹੇ ਲੋਕ ਹਨ ਜਿਨ੍ਹਾਂ ਨੂੰ ਪਰਮੇਸ਼ੁਰ ਦੁਆਰਾ ਪਹਿਲਾਂ ਹੀ ਸਜ਼ਾ ਲਈ ਠਹਿਰਾਇਆ ਗਿਆ ਸੀ।

90 ਕੀ ਤੁਸੀਂ ਇਸ ਨੂੰ ਪੜ੍ਹਨਾ ਚਾਹੋਗੇ, ਤਾਂ ਜੋ ਇਹ ਹਮੇਸ਼ਾ ਤੁਹਾਡੇ ਦਿਮਾਗ ਤੋਂ ਬਾਹਰ ਰਹੇਗਾ? ਠੀਕ ਹੈ, ਆਓ ਹੁਣ ਯਹੂਦਾਹ ਦੀ—ਦੀ ਕਿਤਾਬ ਵੱਲ ਮੁੜਦੇ ਹਾਂ, ਇੱਥੇ ਯਹੂਦਾਹ ਬੋਲ ਰਿਹਾ ਹੈ।

*ਯਹੂਦਾਹ, ਜਿਹੜਾ ਯਿਸੂ ਮਸੀਹ ਦਾ ਦਾਸ, ਅਤੇ ਯਾਕੂਬ ਦਾ ਭਰਾ ਹਾਂ, ਅੱਗੇ ਜੋਗ ਉਨ੍ਹਾਂ ਨੂੰ ਜਿਹੜੇ ਪਿਤਾ ਪਿਤਾ ਪਰਮੇਸ਼ੁਰ ਵੱਲੋਂ ਪਵਿੱਤਰ ਕੀਤੇ ਗਏ, ਅਤੇ ਯਿਸੂ ਮਸੀਹ ਦੇ ਵਿੱਚ ਸੁਰੱਖਿਅਤ ਰੱਖੇ ਹੋਏ ਹਨ, ਅਤੇ ਸੱਦੇ ਹੋਏ ਹਨ:*

91 ਦੇਖੋ ਕਿ ਉਹ ਕਿਸ ਨੂੰ ਸੰਬੋਧਿਤ ਕਰਦਾ ਹੈ? ਪਾਪੀ ਨੂੰ ਨਹੀਂ, ਖੁਸ਼ਖਬਰੀ ਦੀ ਸੇਵਾ ਨੂੰ ਨਹੀਂ, ਸਗੋਂ ਪਵਿੱਤਰ ਅਤੇ ਬੁਲਾਏ ਗਏ ਲੋਕਾਂ ਨੂੰ। ਵੇਖੋ, ਉਹ ਜਿਹੜੇ ਪਹਿਲਾਂ ਹੀ ਰਾਜ ਵਿੱਚ ਹਨ।

*ਤੁਹਾਡੇ ਲਈ ਰਹਮ, ਸ਼ਾਂਤੀ ਅਤੇ ਪ੍ਰੇਮ ਵੱਧ ਤੋਂ ਵੱਧ ਹੁੰਦਾ ਜਾਵੇ।*

*ਪਿਆਰਿਓ,...ਮੈਂ ਜਦੋਂ ਸਾਡੀ ਸਾਂਝੀ ਮੁਕਤੀ ਦੇ ਵਿਖੇ ਤੁਹਾਨੂੰ ਲਿਖਣ ਦੀ ਬਹੁਤ ਚਾਹ ਕਰਦਾ ਸਾਂ, ਤਾਂ ਮੈਂ ਤੁਹਾਨੂੰ ਲਿਖ ਕੇ ਤਗੀਦ ਕਰਨੀ ਜ਼ਰੂਰੀ ਜਾਣੀ, ਭਈ ਤੁਸੀਂ...ਓਸ ਨਿਹਚਾ ਦੇ ਲਈ ਜਿਹੜੀ ਇੱਕੋ ਹੀ ਵਾਰ ਸੰਤਾਂ ਨੂੰ ਸੌਂਪੀ ਗਈ ਸੀ ਜਤਨ ਕਰੋ।*

*ਕਿਉਂ ਜੋ ਕਈ ਮਨੁੱਖ ਅਣਜਾਣੇ ਆ ਵੜੇ ਹਨ, ਜਿਹੜੇ ਇਸ ਸਜ਼ਾ ਲਈ ਪਰਾਚੀਨ ਕਾਲ ਵਿੱਚ ਅਗੇਤਰੇ ਲਿਖੇ ਗਏ ਸਨ,...* (ਕਿਵੇਂ?) *...ਸਾਡੇ ਪਰਮੇਸ਼ੁਰ ਦੀ ਕਿਰਪਾ ਨੂੰ ਉਲਟਾ ਕਰ ਕੇ ਲੁੱਚਪੁਣੇ ਵੱਲ ਲਾ ਲੈਂਦੇ ਹਨ,...*

92 ਪਰਾਚੀਨ ਕਾਲ ਵਿੱਚ ਅਗੇਤਰੇ ਠਹਿਰਾਏ ਗਏ! ਅਜਿਹਾ ਨਹੀਂ ਕਿ ਪਰਮੇਸ਼ੁਰ ਸਿੰਘਾਸਣ ਉੱਤੇ ਬੈਠ ਗਿਆ, ਅਤੇ ਕਿਹਾ, "ਮੈਂ *ਇਸ* ਆਦਮੀ ਨੂੰ ਬਚਾਵਾਂਗਾ, ਮੈਂ *ਉਸ* ਆਦਮੀ ਨੂੰ ਨਾਸ਼ ਕਰਾਂਗਾ।" ਇਹ ਅਜਿਹਾ ਨਹੀਂ ਸੀ! ਪਰਮੇਸ਼ੁਰ ਮਰਿਆ, ਅਤੇ ਜਦੋਂ ਯਿਸੂ ਮਰਿਆ, ਤਾਂ ਪ੍ਰਾਸਚਿਤ ਨੇ ਹਰ ਵਿਅਕਤੀ ਲਈ ਸਾਰੀ ਧਰਤੀ ਨੂੰ ਢੱਕ ਲਿਆ। ਪਰ ਪਰਮੇਸ਼ੁਰ ਨੇ, ਪੂਰਵ-ਗਿਆਨ ਦੁਆਰਾ...ਇਹ ਨਹੀਂ ਕਿ ਉਹ ਚਾਹੁੰਦਾ ਹੈ...ਉਹ ਨਹੀਂ ਚਾਹੁੰਦਾ ਕਿ ਕਿਸੇ ਦਾ ਵੀ ਨਾਸ਼ ਹੋਵੇ। ਉਹ ਚਾਹੁੰਦਾ ਸੀ ਕਿ ਹਰ ਕੋਈ ਬਚ ਜਾਵੇ। ਉਹ ਉਸਦਾ—ਉਹ ਉਸਦਾ ਸਦੀਪਕ ਉਦੇਸ਼ ਸੀ। ਪਰ ਜੇ ਉਹ ਪਰਮੇਸ਼ੁਰ ਸੀ, ਤਾਂ ਉਹ ਇਹ ਵੀ ਜਾਣਦਾ ਸੀ ਕਿ ਕੌਣ ਬਚੇਗਾ ਅਤੇ ਕੌਣ ਨਹੀਂ ਬਚੇਗਾ। ਜੇ ਉਹ ਨਹੀਂ ਜਾਣਦਾ ਸੀ, ਤਾਂ ਉਹ ਅਨੰਤ ਪਰਮੇਸ਼ੁਰ ਵੀ ਨਹੀਂ ਸੀ। ਇਸ ਲਈ ਬਾਈਬਲ ਇਹ ਸਿਖਾਉਂਦੀ ਹੈ। ਕਿ ਅਸੀਂ ਕਰ ਸਕਦੇ ਹਾਂ...

93 ਜੇ ਸਾਡੇ ਕੋਲ ਰੋਮੀਆਂ ਵੱਲ ਮੁੜਨ ਦਾ ਸਮਾਂ ਹੁੰਦਾ, 8ਵਾਂ ਅਧਿਆਇ, ਅਤੇ ਤੁਸੀਂ ਇਸ ਨੂੰ ਪੜ੍ਹ ਸਕਦੇ ਹੋ। ਰੋਮੀਆਂ, 9ਵਾਂ ਅਧਿਆਇ, ਬਾਈਬਲ ਵਿਚ ਕਈ ਹੋਰ ਥਾਵਾਂ ਵੀ ਹਨ। ਅਫ਼ਸੀਆਂ, ਪਹਿਲਾ ਅਧਿਆਇ। ਅਤੇ ਤੁਸੀਂ ਦੇਖ ਸਕਦੇ ਹੋ ਕਿ ਪਰਮੇਸ਼ੁਰ ਦੀ ਚੋਣ, ਤਾਂ ਜੋ ਇਹ ਗੱਲ ਪੱਕੀ ਹੋ ਜਾਵੇ, ਕਿ

ਪਰਮੇਸ਼ੁਰ ਨੇ ਨੇਮ ਬਿਨਾਂ ਸ਼ਰਤ ਦੇ ਦਿੱਤਾ ਸੀ। ਉਸ ਨੇ ਯਿਸੂ ਨੂੰ ਉਨ੍ਹਾਂ ਲਈ ਮਰਨ ਲਈ ਭੇਜਿਆ ਜਿਨ੍ਹਾਂ ਨੂੰ ਉਹ ਪਹਿਲਾਂ ਹੀ ਜਾਣਦਾ ਸੀ। ਸਮਝੇ?

94 ਸਿਰਫ਼ ਇਹ ਕਹਿਣ ਲਈ ਨਹੀਂ, "ਅੱਛਾ, ਤੁਸੀਂ ਕਹਿੰਦੇ ਹੋ ਕਿ ਪਰਮੇਸ਼ੁਰ ਨਹੀਂ ਜਾਣਦਾ ਕਿ ਉਹ ਬਚਾਈ ਜਾਵੇਗੀ ਜਾਂ ਨਹੀਂ?" ਪਰਮੇਸ਼ੁਰ ਸੰਸਾਰ ਦੇ ਸ਼ੁਰੂ ਹੋਣ ਤੋਂ ਵੀ ਪਹਿਲਾਂ, ਜਾਣਦਾ ਸੀ ਕਿ ਤੁਸੀਂ ਬਚਾਏ ਜਾਵੋਗੇ, ਜਾਂ ਤੁਸੀਂ ਨਹੀਂ ਬਚਾਏ ਜਾਵੋਗੇ, ਨਹੀਂ ਤਾਂ ਉਹ ਪਰਮੇਸ਼ੁਰ ਨਹੀਂ ਸੀ।

95 ਕੀ ਤੁਸੀਂ ਜਾਣਦੇ ਹੋ ਕਿ *ਅਨੰਤ* ਸ਼ਬਦ ਦਾ ਕੀ ਅਰਥ ਹੈ? ਦੇਖੋ… ਸ਼ਬਦਕੋਸ਼ ਵਿੱਚ ਦੇਖੋ ਅਤੇ ਪਤਾ ਲਗਾਓ ਕਿ *ਅਨੰਤ* ਸ਼ਬਦ ਦਾ ਕੀ ਅਰਥ ਹੈ। ਕਿਉਂ, ਉਹ ਹਰ ਪਿੱਸੂ ਨੂੰ ਜਾਣਦਾ ਸੀ ਜੋ ਕਦੇ ਧਰਤੀ ਉੱਤੇ ਹੋਣਾ ਸੀ, ਹਰ ਮੱਖੀ, ਹਰ ਮੱਛਰ, ਹਰ ਕੀਟਾਣੂ ਨੂੰ। ਉਹ ਉਹਨਾਂ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਇਹ ਜਾਣਦਾ ਸੀ, ਜਾਂ ਉਹ ਪਰਮੇਸ਼ੁਰ ਨਹੀਂ ਸੀ। ਯਕੀਨਨ, ਉਹ ਇਸ ਨੂੰ ਜਾਣਦਾ ਸੀ। ਠੀਕ ਹੈ।

96 ਫਿਰ, ਉੱਥੇ, ਪਰਮੇਸ਼ੁਰ ਇਹ ਨਹੀਂ—ਨਹੀਂ ਕਹਿ ਸਕਿਆ, "ਮੈਂ *ਤੈਨੂੰ* ਲੈ ਜਾਵਾਂਗਾ, ਅਤੇ ਤੈਨੂੰ ਨਰਕ ਵਿੱਚ ਭੇਜਾਂਗਾ; ਅਤੇ ਮੈਂ *ਤੁਹਾਨੂੰ* ਲੈ ਜਾਵਾਂਗਾ, ਅਤੇ ਤੁਹਾਨੂੰ ਸਵਰਗ ਵਿੱਚ ਭੇਜਾਂਗਾ।" ਪਰਮੇਸ਼ੁਰ ਚਾਹੁੰਦਾ ਸੀ ਕਿ ਤੁਸੀਂ ਦੋਵੇਂ ਸਵਰਗ ਜਾਓ। ਪਰ ਪੂਰਵਗਿਆਨ ਦੁਆਰਾ ਉਹ ਜਾਣਦਾ ਸੀ ਕਿ ਇੱਕ ਕਪਟੀ ਹੋਵੇਗਾ, ਅਤੇ ਦੂਜਾ ਇੱਕ ਸੱਜਣ ਅਤੇ ਮਸੀਹੀ ਹੋਵੇਗਾ। ਦੇਖੋ? ਇਸ ਲਈ ਉਸਨੂੰ ਯਿਸੂ ਨੂੰ ਮਰਨ ਲਈ ਭੇਜਣਾ ਪਿਆ, ਉਸ ਆਦਮੀ ਨੂੰ ਬਚਾਉਣ ਲਈ ਜਿਸ ਬਾਰੇ ਉਹ ਪਹਿਲਾਂ ਹੀ ਜਾਣਦਾ ਸੀ ਕਿ ਉਹ ਬਚਾਇਆ ਜਾਣਾ ਚਾਹੁੰਦਾ ਸੀ। ਕੀ ਤੁਸੀਂ ਇਹ ਸਮਝ ਗਏ?

ਹੁਣ ਇੱਥੇ ਦੇਖੋ:

**ਵਚਨ ਨਿਸੰਗ ਸਾਨੂੰ ਦੱਸਦਾ ਹੈ ਕਿ ਇਹ ਉਹ ਹਨ ਜੋ ਬਚਾਏ ਨਹੀਂ ਜਾਣਗੇ।**

**55. ਇਸ ਲਈ ਜੇਕਰ ਪ੍ਰਾਸਚਿਤ ਨੇ…ਸਾਰੀ ਆਦਮ ਜਾਤ ਨੂੰ ਢੱਕ ਲਿਆ, ਅਤੇ ਕੁਝ ਨਾਸ਼ ਹੋ ਗਏ ਕਿਉਂਕਿ ਉਹਨਾਂ ਨੇ ਆਪਣੇ ਆਪ ਲਈ ਵਾਅਦੇ, ਜਾਂ ਪ੍ਰਬੰਧ ਦਾ ਲਾਭ ਨਹੀਂ ਚੁੱਕਿਆ, ਨਹੀ ਹੋਣਾ ਸੀ… ਸ਼ਾਇਦ-…ਆਜਾਦ…ਕੀ ਉਹ ਕਰੇਗਾ…ਕੀ ਸਦੀਪਕ ਯੋਜਨਾਵਾਂ ਅਤੇ ਸਰਬਸ਼ਕਤੀਮਾਨ ਪਰਮੇਸ਼ੁਰ ਦੇ ਉਦੇਸ਼ਾਂ ਨਾਲੋਂ ਇੱਕ ਸ਼ਕਤੀਸ਼ਾਲੀ ਤਾਕਤ ਹੋਵੇਗੀ? ਕੀ ਇਹ ਹੋਵੇਗਾ…**(ਉਹ ਵਿਅਕਤੀ ਹੁਣ, ਇਸ ਦੂਜੇ ਪ੍ਰਸ਼ਨ ਤੇ, ਪੁੱਛ ਰਿਹਾ ਹੈ।) **ਕੀ ਮਨੁੱਖ ਦੀ ਸੁਤੰਤਰ ਇੱਛਾ ਸਰਬਸ਼ਕਤੀਮਾਨ**

**ਪਰਮੇਸ਼ੁਰ ਦੀਆਂ ਸਦੀਪਕ ਯੋਜਨਾਵਾਂ ਅਤੇ ਉਦੇਸ਼ਾਂ ਨਾਲੋਂ ਇੱਕ ਸ਼ਕਤੀਸ਼ਾਲੀ ਤਾਕਤ ਨਹੀਂ ਹੋਵੇਗੀ?**

97 ਨਹੀਂ, ਮੇਰੇ ਭਾਈ ਜਾਂ ਭੈਣ। ਯਕੀਨਨ ਨਹੀਂ! ਕੁਝ ਵੀ ਵੱਧ ਤਾਕਤਵਰ ਨਹੀਂ ਹੈ...ਮਨੁੱਖ ਦੀ ਇੱਛਾ ਦੀ ਤੁਲਨਾ ਪਰਮੇਸ਼ੁਰ ਦੇ ਨਿਆਂ ਦੇ ਸਦੀਪਕ ਉਦੇਸ਼ ਨਾਲ ਕਦੇ ਵੀ ਨਹੀਂ ਹੋ ਸਕਦੀ। ਇਹ ਨਹੀਂ ਹੋ ਸਕਦੀ, ਵੇਖੋ।

98 ਹੁਣ, ਤੁਹਾਡਾ ਪਹਿਲਾ ਪ੍ਰਸ਼ਨ ਸਹੀ ਸੀ। ਤੁਹਾਡਾ ਦੂਜਾ ਪ੍ਰਸ਼ਨ ਸਹੀ ਨਹੀਂ ਹੋ ਸਕਦਾ, ਦੋਸਤ। ਕਿਉਂਕਿ ਦੇਖੋ, ਦੇਖੋ ਕਿ ਇਸ ਨੂੰ ਇੱਥੇ ਕਿਵੇਂ ਲਿਖਿਆ ਗਿਆ ਹੈ, ਵੇਖੋ: "ਕੀ ਮਨੁੱਖ ਦੀ ਸੁਤੰਤਰ ਇੱਛਾ ਸਰਬਸ਼ਕਤੀਮਾਨ ਪਰਮੇਸ਼ੁਰ ਦੀਆਂ ਸਦੀਪਕ ਯੋਜਨਾਵਾਂ ਅਤੇ ਉਦੇਸ਼ ਨਾਲੋਂ ਇੱਕ ਵੱਧ ਸ਼ਕਤੀਸ਼ਾਲੀ ਤਾਕਤ ਨਹੀਂ ਹੋਵੇਗੀ?" ਕਿਉਂ, ਬਿਲਕੁਲ ਵੀ ਨਹੀਂ। ਮਨੁੱਖ ਦੀ ਇੱਛਾ ਸਰਬਸ਼ਕਤੀਮਾਨ ਪਰਮੇਸ਼ੁਰ ਦੇ ਉਦੇਸ਼ ਨਾਲੋਂ ਸ਼ਕਤੀਸ਼ਾਲੀ ਤਾਕਤ ਕਿਵੇਂ ਹੋ ਸਕਦੀ ਹੈ? ਅਤੇ ਮਨੁੱਖ ਆਪਣੀ ਸਰੀਰਕ ਸਥਿਤੀ ਵਿੱਚ ਜੋ ਉਹ ਚਾਹੁੰਦਾ ਹੈ ਉਸੇ ਦੀ ਇੱਛਾ ਕਰਦਾ ਹੈ, ਕੀ ਉਹ ਸੰਪੂਰਨ ਪਰਮੇਸ਼ੁਰ ਨਾਲੋਂ, ਵੱਧ ਤਾਕਤਵਰ ਹੋਵੇਗਾ? ਯਕੀਨਨ ਨਹੀਂ! ਇਹ ਨਹੀਂ ਹੋ ਸਕਦਾ, ਵੇਖੋ। ਅਨੰਤ ਪਰਮੇਸ਼ੁਰ, ਜਿਸਦਾ ਮਕਸਦ ਸੰਪੂਰਨ ਹੈ, ਤੁਸੀਂ ਇਹ ਕਿਵੇਂ ਕਹਿ ਸਕਦੇ ਹੋ ਕਿ ਇੱਥੇ ਇੱਕ—ਇੱਕ ਸਰੀਰਕ ਮਨੁੱਖ, ਭਾਵੇਂ ਕਿੰਨਾ ਵੀ ਸਹੀ ਹੋਵੇ (ਅਤੇ ਉਹ ਹੋ ਸਕਦਾ ਹੈ), ਉਸਦੇ ਉਦੇਸ਼ਾਂ ਦੀ ਤੁਲਨਾ ਇਸ ਦੇ ਨਾਲ ਕਿਸੇ ਵੀ ਬਿਧ ਨਹੀਂ ਕੀਤੀ ਜਾ ਸਕਦੀ: ਅਨੰਤ ਅਤੇ ਸਰਬਸ਼ਕਤੀਮਾਨ ਪਰਮੇਸ਼ੁਰ ਦੇ ਉਦੇਸ਼ ਨਾਲ।

99 [ਇੱਕ ਭੈਣ ਭਾਈ ਬ੍ਰਨਹਾਮ ਨਾਲ ਗੱਲ ਕਰਦੀ ਹੈ—ਸੰਪਾ.] ਹਾਂ। ["ਮੈਨੂੰ ਮੁਆਫ ਕਰੋ। ਮੈਂ ਬੱਸ ਇੱਕ ਸਵਾਲ ਪੁੱਛਣਾ ਚਾਹੁੰਦੀ ਸੀ, ਅਤੇ—ਅਤੇ ਤੁਸੀਂ ਗਲਤ ਸਮਝ ਰਹੇ ਹੋ ਜੋ ਮੇਰਾ ਉੱਥੇ ਕੀ ਮਤਲਬ ਹੈ।"] ਹਾਂ, ਠੀਕ ਹੈ, ਭੈਣ। ["ਮੈਂ ਅਜਿਹਾ ਬਿਲਕੁਲ ਵਿਸ਼ਵਾਸ ਨਹੀਂ ਕਰਦੀ, ਮੇਰਾ ਮਤਲਬ ਸੀ 'ਪਰਮੇਸ਼ੁਰ ਦਾ ਸਦੀਪਕ ਉਦੇਸ਼ ਮਨੁੱਖ ਦੀ ਸੁਤੰਤਰ ਇੱਛਾ ਤੇ ਹਾਵੀ ਹੋ ਰਿਹਾ ਹੈ।'"]

100 ਇਹ ਸਹੀ ਹੈ। ਔਹ, ਅੱਛਾ, ਮੈਂ—ਮੈਂ ਫਿਰ ਇਸਨੂੰ ਗਲਤ ਪੜ੍ਹਿਆ ਹੈ, ਵੇਖੋ। ਠੀਕ ਹੈ। ਹਾਂ, ਤਾਂ ਫਿਰ ਤੁਸੀਂ ਬਿਲਕੁਲ ਸਹੀ ਹੋ, ਭੈਣ। ਮੈਨੂੰ ਨਹੀਂ ਪਤਾ ਸੀ ਕਿ ਇਹ ਤੁਹਾਡਾ—ਤੁਹਾਡਾ ਪ੍ਰਸ਼ਨ ਸੀ। ਠੀਕ ਹੈ। ਪਰ, ਦੇਖੋ, ਇਹ ਇੱਥੇ ਹੈ, ਵੇਖੋ,...ਹੁਣ ਮੈਨੂੰ ਦੇਖਣ ਦਿਓ, "ਆਦਮ ਦੀ ਸਾਰੀ ਨਸਲ ਨੂੰ ਢੱਕ ਲਿਆ, ਅਤੇ ਕੁਝ ਨਾਸ਼ ਹੋ ਗਏ ਕਿਉਂਕਿ ਉਹਨਾਂ ਨੇ ਆਪਣੇ ਆਪ ਲਈ—ਆਪ ਲਈ ਇਸ ਪ੍ਰਬੰਧ ਦਾ ਲਾਭ ਨਹੀਂ ਚੁੱਕਿਆ, ਕੀ ਮਨੁੱਖ ਦੀ ਸੁਤੰਤਰ ਇੱਛਾ ਸਰਬਸ਼ਕਤੀਮਾਨ ਪਰਮੇਸ਼ੁਰ ਦੀਆਂ ਸਦੀਪਕ ਯੋਜਨਾਵਾਂ ਅਤੇ

ਉਦੇਸ਼ਾਂ ਨਾਲੋਂ ਇੱਕ ਸ਼ਕਤੀਸ਼ਾਲੀ ਤਾਕਤ ਨਹੀਂ ਹੋਵੇਗੀ?" ਦੇਖੋ, ਮੈਂ—ਮੈਂ ਉੱਥੇ ਤੁਹਾਡੇ ਵਿਚਾਰ ਨੂੰ ਗਲਤ ਸਮਝਿਆ ਸੀ। ਹਾਂ, ਸਰਬਸ਼ਕਤੀਮਾਨ ਪਰਮੇਸ਼ੁਰ ਦਾ ਸਦੀਪਕ ਉਦੇਸ਼। ਅੱਛਾ, ਇਸ ਨਾਲ ਗੱਲ ਖਤਮ ਹੋ ਜਾਂਦੀ ਹੈ।

101 ਮੇਰਾ ਅੰਦਾਜ਼ਾ ਹੈ ਕਿ ਹਰ ਕੋਈ ਇਸ ਨੂੰ ਸਮਝ ਗਿਆ ਹੈ। ਜੇ ਤੁਸੀਂ ਸਮਝ ਗਏ, ਤਾਂ ਆਪਣੇ ਹੱਥ ਉਠਾਓ। ਇਹ—ਇਹ ਸਰਬਸ਼ਕਤੀਮਾਨ ਪਰਮੇਸ਼ੁਰ ਦਾ ਸਦੀਪਕ ਉਦੇਸ਼ ਹੈ, ਯਕੀਨੀ ਤੌਰ ਤੇ ਉਸ ਨਾਲੋਂ ਬਹੁਤ ਉੱਪਰ—ਬਹੁਤ ਉੱਪਰ ਹੋਵੇਗਾ ਜੋ ਮਨੁੱਖ ਕਰ ਸਕਦਾ ਹੈ।

ਹੁਣ:

**56. ਮੈਨੂੰ ਪਾਣੀ ਦੇ ਬਪਤਿਸਮੇ ਤੇ ਪ੍ਰਕਾਸ਼ ਬਾਰੇ ਸਮਝ ਨਹੀਂ ਆਈ, 28ਵੇਂ ਅਧਿਆਇ ਵਿੱਚ...ਮੱਤੀ ਦੇ, 19ਵੀਂ ਆਇਤ ਵਿੱਚ। ਇਸਦਾ ਕੀ ਮਤਲਬ ਹੈ?**

102 ਖੈਰ, ਹੁਣ, ਸ਼ਾਇਦ ਇਸ ਲਈ ਮੈਨੂੰ ਬਸ ਇੱਕ ਹੀ ਮਿੰਟ ਲੱਗੇਗਾ। ਅਤੇ ਜੇਕਰ ਤੁਸੀਂ ਚਾਹੋ ਤਾਂ ਕੋਈ ਮੇਰੇ ਨਾਲ, ਮੱਤੀ ਦੇ 28ਵੇਂ ਅਧਿਆਇ, ਅਤੇ 19ਵੀਂ ਆਇਤ ਨੂੰ ਖੋਲੇ। ਅਤੇ ਅਸੀਂ ਇਹ ਪਤਾ ਲਗਾਵਾਂਗੇ, ਕਿ ਉਹ ਵਿਅਕਤੀ ਕੀ...ਪੱਚੀ...ਹੁਣ, ਜੇ ਤੁਸੀਂ ਇਸ ਦੇ ਨਾਲ ਰਹੋਗੇ ਤਾਂ ਇਹ ਤੁਹਾਨੂੰ ਮਜ਼ਬੂਤ ਕਰੇਗਾ। ਇਹ—ਇਹ ਚੰਗਾ ਹੈ, ਤੁਸੀਂ ਦੇਖੋ। ਇਹ ਖੁਸ਼ਖਬਰੀ ਨਹੀਂ ਹੈ, ਪਰ ਇਹ ਹੈ...

103 ਹੁਣ ਅਸੀਂ ਹਾਂ...ਹੁਣ ਇਹੀ ਉਹ ਥਾਂ ਹੈ ਜਿੱਥੇ ਲੋਕ ਕਹਿਣ ਦੀ ਕੋਸ਼ਿਸ਼ ਕਰਦੇ ਹਨ, "ਬਾਈਬਲ ਦੀਆਂ ਲਿਖਤਾਂ ਵਿਚ ਆਪਸੀ ਵਿਰੋਧ ਹੈ।" ਹੁਣ, ਮੈਂ ਚਾਹੁੰਦਾ ਹਾਂ ਕਿ ਕੋਈ ਉਸ ਵੱਲ ਮੁੜੇ...ਮੱਤੀ 28:19 ਦੇ ਨਾਲ। ਜਾਂ, ਨਹੀਂ, ਮੈਂ ਚਾਹੁੰਦਾ ਹਾਂ ਕਿ ਕੋਈ...ਮੱਤੀ 28:19। ਮੈਂ ਚਾਹੁੰਦਾ ਹਾਂ ਕਿ ਕੋਈ ਰਸੂਲਾਂ ਦੇ ਕਰਤੱਬ 2:38 ਨੂੰ ਖੋਲੇ। ਕੀ ਤੁਹਾਡੇ ਕੋਲ ਆਪਣੀ ਬਾਈਬਲ ਹੈ, ਭਾਈ ਨੇਵਿਲ?

104 ਅਤੇ ਮੈਂ ਚਾਹੁੰਦਾ ਹਾਂ ਕਿ ਤੁਸੀਂ ਹੁਣ ਆਪਣੇ ਲਈ ਪੜ੍ਹੋ। "ਅਤੇ ਮੈਂ ਤੁਹਾਨੂੰ ਬਾਈਬਲ ਵਿੱਚ ਇੱਕ ਸਖਤ ਵਿਰੋਧੀ ਵਚਨ ਦਿਖਾਵਾਂਗਾ। ਅਤੇ ਜੋ ਬਾਈਬਲ...ਲੋਕ ਕਹਿੰਦੇ ਹਨ 'ਬਾਈਬਲ ਆਪਣੇ ਆਪ ਦਾ ਖੰਡਨ ਨਹੀਂ ਕਰਦੀ,' ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸ ਨੂੰ ਧਿਆਨ ਵਿੱਚ ਰੱਖੋ।"

105 ਅਤੇ ਇਹ ਪ੍ਰੋਫੈਸਰਾਂ ਨੂੰ ਬੇਚੈਨ ਕਰ ਦਿੰਦਾ ਹੈ। ਪਰ ਇਹ—ਇਹ ਸਧਾਰਨ ਗੱਲ ਹੈ। ਹੁਣ ਮੈਂ ਮੱਤੀ 28:19 ਪੜ੍ਹਾਂਗਾ, ਤੁਸੀਂ ਮੇਰੇ ਨਾਲ ਪੜ੍ਹੋ। ਅਤੇ ਤੁਹਾਡੇ ਵਿੱਚੋਂ ਕੁਝ ਰਸੂਲਾਂ ਦੇ ਕਰਤੱਬ 2:38 ਦੇ ਨਾਲ, ਤਿਆਰ ਰਹੋ। ਮੈਂ 18ਵੀਂ ਆਇਤ ਤੋਂ ਸ਼ੁਰੂ ਕਰਾਂਗਾ, ਇਹ ਮੱਤੀ ਦਾ ਅੰਤਮ ਅਧਿਆਇ ਹੈ:

*ਅਤੇ ਯਿਸੂ ਨੇ ਕੋਲ ਆਣ ਕੇ ਆਪਣੇ ਚੇਲਿ-...ਉਨ੍ਹਾਂ ਨਾਲ ਗੱਲਾਂ ਕੀਤੀਆਂ ਅਤੇ ਆਖਿਆ, ਅਕਾਸ਼ ਅਤੇ ਧਰਤੀ ਦਾ ਸਾਰਾ ਇਖ਼ਤਿਆਰ ਮੈਨੂੰ ਦਿੱਤਾ ਗਿਆ ਹੈ।* (ਪਿਤਾ ਦਾ ਇਖ਼ਤਿਆਰ ਕਿੱਥੇ ਹੈ?)

106 ਜੇ ਅਕਾਸ਼ ਅਤੇ ਧਰਤੀ ਦਾ ਸਾਰਾ ਇਖ਼ਤਿਆਰ ਯਿਸੂ ਨੂੰ ਦਿੱਤਾ ਗਿਆ ਹੈ, ਤਾਂ ਪਰਮੇਸ਼ੁਰ ਸ਼ਕਤੀਹੀਣ ਹੋ ਗਿਆ, ਹੈ ਨਾ? ਜਾਂ ਕੀ ਉਸਨੇ ਸਿਰਫ਼ ਇੱਕ ਕਹਾਣੀ ਸੁਣਾਈ ਸੀ? ਕੀ ਉਹ ਮਜ਼ਾਕ ਕਰ ਰਿਹਾ ਸੀ? ਉਸਦਾ ਇਹੀ ਮਤਲਬ ਸੀ! ਕੀ ਤੁਸੀਂ ਵਿਸ਼ਵਾਸ ਨਹੀਂ ਕਰਦੇ ਕਿ ਉਸਦਾ ਇਹੀ ਮਤਲਬ ਸੀ? ਖੈਰ, ਜੇ ਸਾਰਾ ਇਖ਼ਤਿਆਰ ਉਸ ਨੂੰ ਦਿੱਤਾ ਗਿਆ ਹੈ, ਤਾਂ ਫਿਰ ਪਰਮੇਸ਼ੁਰ ਦਾ ਇਖ਼ਤਿਆਰ ਕਿੱਥੇ ਹੈ? ਉਹ ਪਰਮੇਸ਼ੁਰ ਸੀ! ਇਹ ਬਿਲਕੁਲ ਸਹੀ ਹੈ। ਉੱਥੇ ਇਸ ਵਿੱਚ ਸਿਰਫ ਇਹੀ ਚੀਜ਼ ਹੈ। ਉੱਥੇ ਬੱਸ ਇਹੀ ਸਭ ਕੁਝ ਸੀ। ਦੇਖੋ, ਉਹ ਪਰਮੇਸ਼ੁਰ ਸੀ; ਜਾਂ ਤਾਂ ਉੱਥੇ ਕੋਈ ਬੈਠਾ ਹੋਇਆ ਹੈ, ਜਿਸ ਕੋਲ ਕੁਝ ਇਖ਼ਤਿਆਰ ਸੀ, ਪਰ ਹੁਣ ਉਸ ਕੋਲ ਨਹੀਂ ਹੈ। ਸਮਝੇ? ਇਸ ਲਈ ਤੁਸੀਂ ਨਹੀਂ ਕਰ ਸਕਦੇ—ਤੁਸੀਂ ਇਸ ਨੂੰ ਉਲਝਾ ਨਹੀਂ ਸਕਦੇ। ਅਸੀਂ ਬਿਲਕੁਲ ਉਸੇ ਚੀਜ ਤੇ ਗੱਲ ਕਰਾਂਗੇ। ਠੀਕ ਹੈ:

...ਅਕਾਸ਼ ਅਤੇ ਧਰਤੀ ਦਾ *ਸਾਰਾ ਇਖ਼ਤਿਆਰ...ਅਕਾਸ਼ ਅਤੇ ਧਰਤੀ ਦਾ।*

*ਇਸ ਲਈ ਤੁਸਾਂ ਜਾ ਕੇ,...ਸਾਰੀਆਂ ਕੌਮਾਂ ਨੂੰ ਸਿੱਖਿਆ ਦਿਓ, ਅਤੇ ਉਨ੍ਹਾਂ ਨੂੰ ਪਿਤਾ, ਅਤੇ ਪੁੱਤ੍ਰ, ਅਤੇ ਪਵਿੱਤ੍ਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ:*

*ਅਰ ਉਨ੍ਹਾਂ ਨੂੰ ਸਿਖਾਓ ਭਈ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਨਾ ਕਰਨ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ:... ਵੇਖੋ, ਮੈਂ ਜੁਗ ਦੇ ਅੰਤ* ਤੀਕਰ, ਹਰ ਵੇਲੇ *ਤੁਹਾਡੇ ਨਾਲ ਹਾਂ।*

107 ਰਸੂਲਾਂ ਦੇ ਕਰਤੱਬ 2:38, ਹੁਣ ਕੋਈ ਇਸ ਨੂੰ ਪੜ੍ਹੇ। ਬੱਸ ਇੱਕ ਮਿੰਟ ਰੁਕੋ। ਰਸੂਲਾਂ ਦੇ ਕਰਤੱਬ, ਦੂਜਾ ਅਧਿਆਇ, 38ਵੀਂ ਆਇਤ। ਹੁਣ, ਪੂਰੇ ਧਿਆਨ ਨਾਲ ਸੁਣੋ, ਅਤੇ ਧੀਰਜ ਰੱਖੋ, ਅਤੇ ਅਸੀਂ ਹੁਣ ਦੇਖਾਂਗੇ। ਹੁਣ, ਜਦੋਂ ਯਿਸੂ ਨੇ ਉਨ੍ਹਾਂ ਨੂੰ ਦੱਸਿਆ ਸੀ ਉਸ ਤੋਂ ਇਹ ਦਸ ਦਿਨ ਬਾਅਦ ਦੀ ਗੱਲ ਹੈ, ਮੱਤੀ 28:19, "ਇਸ ਲਈ ਜਾਓ, ਸਾਰੀਆਂ ਕੌਮਾਂ ਨੂੰ ਸਿਖਾਓ, ਉਨ੍ਹਾਂ ਨੂੰ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ।"

108 ਹੁਣ, ਪਤਰਸ, ਦਸ ਦਿਨ ਬਾਅਦ...ਉਨ੍ਹਾਂ ਨੇ ਕਦੇ ਵੀ ਕੋਈ ਹੋਰ ਉਪਦੇਸ਼ ਪ੍ਰਚਾਰ ਨਹੀਂ ਕੀਤਾ। ਉਹ ਯਰੂਸ਼ਲਮ ਦੇ ਉੱਪਰਲੇ ਕਮਰੇ ਵਿੱਚ ਗਏ, ਅਤੇ

ਉੱਥੇ (ਦਸ ਦਿਨ) ਪਵਿੱਤਰ ਆਤਮਾ ਦੇ ਆਉਣ ਦੀ ਉਡੀਕ ਕੀਤੀ। ਇਹ ਕਿੰਨੇ ਕੁ ਜਾਣਦੇ ਹਨ? ਇਸ ਮੌਕੇ ਤੇ। ਇਹ ਪਤਰਸ ਹੈ, ਪਤਰਸ ਕੋਲ ਰਾਜ ਦੀਆਂ ਕੁੰਜੀਆਂ ਹਨ। ਠੀਕ ਹੈ, ਅਸੀਂ ਦੇਖਾਂਗੇ ਕਿ ਉਹ ਕੀ ਕਰਦਾ ਹੈ। ਮੱਤੀ, ਜਾਂ ਮੇਰਾ ਮਤਲਬ ਰਸੂਲਾਂ ਦੇ ਕਰਤੱਬ ਦਾ 2 ਅਧਿਆਇ, ਆਓ 36ਵੀਂ ਆਇਤ ਨੂੰ ਲੈਂਦੇ ਹਾਂ:

*ਉਪਰੰਤ ਇਸਰਾਏਲ ਦਾ ਸਾਰਾ ਘਰਾਣਾ ਪੱਕ ਜਾਣੇ, ਭਈ ਇਸੇ ਯਿਸੂ ਨੂੰ ਜਿਹ ਨੂੰ ਤੁਸਾਂ ਸਲੀਬ ਉੱਤੇ ਚਾੜ੍ਹਿਆ,...ਪਰਮੇਸ਼ੁਰ ਨੇ ਓਸ ਨੂੰ ਪ੍ਰਭੁ ਭੀ ਅਤੇ ਮਸੀਹ ਭੀ ਕੀਤਾ।*

"ਪ੍ਰਭੂ ਅਤੇ ਮਸੀਹ ਦੋਵੇਂ।" ਕੋਈ ਹੈਰਾਨੀ ਨਹੀਂ, ਆਕਾਸ਼ ਅਤੇ ਧਰਤੀ ਦਾ ਸਾਰਾ ਇਖਤਿਆਰ ਉਸ ਨੂੰ ਦਿੱਤਾ ਗਿਆ ਸੀ।

*ਜਾਂ ਉਨ੍ਹਾਂ ਨੇ ਇਹ ਸੁਣਿਆ, ਤਾਂ ਉਨ੍ਹਾਂ ਦੇ ਦਿਲ ਛਿਦ ਗਏ, ਅਤੇ ਪਤਰਸ ਅਰ...ਬਾਕੀ ਦੇ ਰਸੂਲਾਂ ਨੂੰ ਕਿਹਾ, ਕਿ ਹੇ ਪੁਰਖੋ ਅਤੇ ਭਾਈਓ, ਅਸੀਂ ਕੀ ਕਰੀਏ?*

ਪਤਰਸ ਨੇ ਉੱਤਰ ਦਿੱਤਾ...*ਪਤਰਸ ਨੇ ਉਨ੍ਹਾਂ ਨੂੰ ਆਖਿਆ, ਤੋਬਾ ਕਰੋ,* ਅਤੇ ਤੁਹਾਡੇ ਵਿੱਚੋਂ ਹਰੇਕ, *ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਵਿੱਚ* ਬਪਤਿਸਮਾ ਲਵੇ, *ਤਾਂ ਤੁਸੀਂ ਪਵਿੱਤ੍ਰ ਆਤਮਾ ਦਾ ਦਾਨ ਪਾਓਗੇ।*

109 ਹੁਣ, ਇੱਥੇ ਇੱਕ ਆਪਸੀ ਵਿਰੋਧ ਹੈ, ਮੱਤੀ ਨੇ ਕਿਹਾ, "ਨਾਮ ਵਿੱਚ ਬਪਤਿਸਮਾ: ਪਿਤਾ, ਪੁੱਤਰ, ਪਵਿੱਤਰ ਆਤਮਾ," ਅਤੇ ਪਤਰਸ ਨੇ ਦਸ ਦਿਨ ਬਾਅਦ, ਰਸੂਲਾਂ ਦੇ ਕਰਤੱਬ 2:38 ਵਿੱਚ ਕਿਹਾ, "ਤੋਬਾ ਕਰੋ, ਅਤੇ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲਓ।"

110 ਫਿਰ ਜਦ ਉਸ ਤੋਂ ਅਗਲੀ ਵਾਰ ਤੌਬਾ ਦਾ ਜਿਕਰ ਹੋਇਆ, ਜਾਂ, ਬਾਈਬਲ ਵਿਚ, ਬਪਤਿਸਮੇ ਬਾਰੇ ਬੋਲਿਆ ਗਿਆ, ਇਹ ਰਸੂਲਾਂ ਦੇ ਕਰਤੱਬ ਵਿੱਚ ਹੈ—8ਵਾਂ ਅਧਿਆਇ, ਜਦੋਂ ਫਿਲਿਪੁਸ ਹੇਠਾਂ ਗਿਆ ਅਤੇ...ਸਾਮਰੀ ਲੋਕਾਂ ਨੂੰ—ਨੂੰ ਪ੍ਰਚਾਰ ਕੀਤਾ। ਅਤੇ ਉਨ੍ਹਾਂ ਨੂੰ ਪਵਿੱਤਰ ਆਤਮਾ ਮਿਲਿਆ, ਅਤੇ ਉਨ੍ਹਾਂ ਨੂੰ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਦਿੱਤਾ ਗਿਆ।

111 ਅਗਲੀ ਵਾਰ ਇਸ ਬਾਰੇ ਗੱਲ ਕੀਤੀ ਗਈ ਸੀ, ਜਦੋਂ ਪਰਾਈਆਂ ਕੌਮਾਂ ਨੇ ਇਸ ਨੂੰ ਸਵੀਕਾਰ ਕੀਤਾ, ਰਸੂਲਾਂ ਦੇ ਕਰਤੱਬ 10:49:

*ਅਤੇ ਜਦ ਪਤਰਸ...ਏਹ ਗੱਲਾਂ ਕਰਦਾ ਹੀ ਸੀ,* ਤਾਂ ਵੇਖੋ, *ਪਵਿੱਤ੍ਰ ਆਤਮਾ ਬਚਨ* ਦੇ...*ਸਭਨਾਂ ਸੁਣਨ* ਵਾਲਿਆਂ *ਤੇ* ਉਤਰਿਆ।

*ਕਿਉਂ ਜੋ ਉਨ੍ਹਾਂ ਨੇ ਓਹਨਾਂ ਨੂੰ ਬੋਲੀਆਂ ਬੋਲਦੇ, ਅਤੇ ਪਰਮੇਸ਼ੁਰ ਦੀ ਵਡਿਆਈ ਕਰਦੇ ਸੁਣਿਆ। ਤਦ ਪਤਰਸ ਨੇ* ਕਿਹਾ,

*ਕੀ ਕੋਈ ਮਨੁੱਖ ਪਾਣੀ ਨੂੰ ਰੋਕ ਸੱਕਦਾ ਹੈ,* ਏਹ ਵੇਖਦੇ ਹੋਏ… *ਕਿ ਏਹਨਾਂ ਲੋਕਾਂ ਨੂੰ* ਜਿਨ੍ਹਾਂ ਸਾਡੇ ਵਾਂਙੁ ਪਵਿੱਤ੍ਰ ਆਤਮਾ ਪਾਇਆ ਹੈ *ਬਪਤਿਸਮਾ ਨਾ ਦਿੱਤਾ ਜਾਵੇ?*

*ਅਤੇ ਉਹ ਨੇ ਹੁਕਮ ਕੀਤਾ ਕਿ ਓਹਨਾਂ ਨੂੰ* ਪ੍ਰਭੁ ਯਿਸੂ ਮਸੀਹ ਦੇ *ਨਾਮ ਉੱਤੇ ਬਪਤਿਸਮਾ ਦਿੱਤਾ ਜਾਵੇ।*

112 ਹੁਣ ਮੈਨੂੰ ਇੱਥੇ ਕੁਝ ਲੈਣ ਦਿਓ, ਬੱਸ ਤੁਹਾਨੂੰ ਥੋੜਾ ਜਿਹਾ ਕੁਝ ਦਿਖਾਓਣ ਲਈ ਤਾਂ ਜੋ ਤੁਸੀਂ ਇਸਨੂੰ ਭੁੱਲ ਨਾ ਜਾਓ; ਇੱਕ ਛੋਟਾ ਜਿਹਾ ਦ੍ਰਿਸ਼ਟਾਂਤ ਦੇਣ ਜਾ ਰਿਹਾ ਹਾਂ। ਮੈਂ ਰੱਖਣ ਜਾ ਰਿਹਾ ਹਾਂ…ਕਿੰਨੀਆਂ ਪੀੜ੍ਹੀਆਂ-…ਦੁਨੀਆਂ ਵਿੱਚ ਲੋਕਾਂ ਦੀਆਂ ਕਿੰਨੀਆਂ ਕੌਮਾਂ ਹਨ? ਉੱਥੇ ਤਿੰਨ ਹਨ: ਹਾਮ, ਸ਼ੇਮ ਅਤੇ ਯਾਫ਼ਥ ਦੇ ਲੋਕ। ਇਹ ਕਿੰਨੇ ਲੋਕ ਜਾਣਦੇ ਹਨ? ਅਸੀਂ ਨੂਹ ਦੇ ਉਨ੍ਹਾਂ ਤਿੰਨਾਂ ਪੁੱਤਰਾਂ ਵਿੱਚੋਂ ਆਏ ਹਾਂ। ਹਾਮ ਦੇ ਲੋਕ, ਸ਼ੇਮ ਦੇ ਲੋਕ…ਯਾਫ਼ਥ ਦੇ ਲੋਕ ਐਂਗਲੋ-ਸੈਕਸਨ ਹਨ, ਸ਼ੇਮ ਦੇ ਲੋਕ ਹਨ…ਉਹ ਤਿੰਨ ਪੀੜ੍ਹੀਆਂ, ਉਹ ਹਨ: ਯਹੂਦੀ, ਪਰਾਈਆਂ ਕੌਮਾਂ, ਅਤੇ ਅੱਧੇ ਯਹੂਦੀ ਅਤੇ ਪਰਾਈਆਂ ਕੌਮਾਂ। ਹੁਣ, ਧਿਆਨ ਦਿਓ, ਜਦੋਂ ਉਹ ਉੱਥੇ…ਅਤੇ *ਇਹ* ਹਾਮ ਹੈ…ਸ਼ੇਮ, ਹਾਮ ਅਤੇ ਯਾਫ਼ਥ।

113 ਹੁਣ, ਜਦ ਪਹਿਲੀ ਵਾਰ ਬਪਤਿਸਮੇ ਦੀ ਗੱਲ ਕੀਤੀ ਗਈ ਸੀ, ਉਹ ਯੂਹੰਨਾ ਬਪਤਿਸਮਾ ਦੇਣ ਵਾਲੇ ਨੇ ਕੀਤੀ ਸੀ। ਕਿੰਨੇ ਜਾਣਦੇ ਹਨ ਕਿ ਇਹ ਸਹੀ ਹੈ? ਠੀਕ ਹੈ, ਮੈਂ *ਇਸਨੂੰ* ਇੱਥੇ ਰੱਖਣ ਜਾ ਰਿਹਾ ਹਾਂ, ਇੱਥੇ ਪਿਆ ਹੈ, ਯੂਹੰਨਾ ਬਪਤਿਸਮਾ ਦੇਣ ਵਾਲਾ। ਅਤੇ ਯੂਹੰਨਾ ਨੇ ਲੋਕਾਂ ਨੂੰ ਯਰਦਨ ਨਦੀ ਵਿੱਚ ਬਪਤਿਸਮਾ ਦਿੱਤਾ, ਅਤੇ ਉਨ੍ਹਾਂ ਨੂੰ ਹੁਕਮ ਦਿੱਤਾ ਕਿ ਉਹ ਤੋਬਾ ਕਰਨ ਅਤੇ ਪਰਮੇਸ਼ੁਰ ਦੇ ਨਾਲ ਸਹੀ ਹੋ ਜਾਣ, ਅਤੇ ਆਪਣਾ ਮਾਲ ਵੇਚ ਦੇਣ, ਅਤੇ ਗਰੀਬਾਂ ਨੂੰ ਖੁਆਉਣ, ਅਤੇ ਸਿਪਾਹੀ ਆਪਣੀ ਤਨਖਾਹ ਨਾਲ ਸੰਤੁਸ਼ਟ ਰਹਿਣ, ਅਤੇ ਪਰਮੇਸ਼ੁਰ ਨਾਲ ਸਹੀ ਹੋ ਜਾਣ। ਇਹ ਕਿੰਨੇ ਕੁ ਜਾਣਦੇ ਹਨ? ਅਤੇ ਉਸ ਨੇ ਉਨ੍ਹਾਂ ਨੂੰ ਯਰਦਨ ਨਦੀ ਵਿੱਚ, ਉਨ੍ਹਾਂ ਉੱਤੇ ਛਿੜਕਾਅ ਨਹੀਂ ਕੀਤਾ, ਨਾ ਡੋਲ੍ਹਿਆ, ਸਗੋਂ ਡੁੱਬਕੀ ਨਾਲ ਬਪਤਿਸਮਾ ਦਿੱਤਾ! ਜੇ ਤੁਸੀਂ ਇਸ ਤੇ ਵਿਸ਼ਵਾਸ ਨਹੀਂ ਕਰਦੇ, ਤਾਂ ਇਹ ਸ਼ਬਦਕੋਸ਼ ਹੈ, ਇਹ ਪਤਾ ਲਗਾਓ ਕਿ ਕੀ ਇਹ *ਬੈਪਟਿਜੋ* ਨਹੀਂ ਹੈ, ਜਿਸਦਾ ਅਰਥ ਹੈ ਕਿ "ਬਪਤਿਸਮਾ, ਡੁਬੋਇਆ ਗਿਆ, ਹੇਠਾਂ ਰੱਖ ਦਿੱਤਾ ਗਿਆ, ਦਫ਼ਨਾਇਆ ਗਿਆ।" ਹੁਣ, ਪਹਿਲੀ ਵਾਰ ਜਦ ਬਪਤਿਸਮੇ ਦੀ ਕਦੇ ਗੱਲ ਕੀਤੀ ਗਈ ਸੀ, ਤਾਂ ਉੱਥੇ ਹੋਈ ਸੀ।

114 ਦੂਜੀ ਵਾਰ ਜਦ ਕਦੇ ਬਪਤਿਸਮੇ ਦੀ ਗੱਲ ਕੀਤੀ ਗਈ ਸੀ, ਤਾਂ ਯਿਸੂ ਨੇ

ਇਸ ਦੀ ਆਗਿਆ ਦਿੱਤੀ ਸੀ, ਮੱਤੀ 28:19 ਵਿੱਚ।

115 ਅਗਲੀ ਵਾਰ ਜਦ ਬਪਤਿਸਮੇ ਦੀ ਗੱਲ ਕੀਤੀ ਗਈ ਸੀ, ਇਹ ਰਸੂਲਾਂ ਦੇ ਕਰਤੱਬ 2:38 ਵਿੱਚ ਸੀ।

116 ਅਗਲੀ ਵਾਰ ਜਦ ਬਪਤਿਸਮੇ ਦੀ ਗੱਲ ਕੀਤੀ ਗਈ ਸੀ, ਤਾਂ ਇਹ ਰਸੂਲਾਂ ਦੇ ਕਰਤੱਬ ਦੇ 8ਵੇਂ ਅਧਿਆਇ ਵਿੱਚ ਸੀ।

117 ਅਗਲੀ ਵਾਰ ਜਦ ਬਪਤਿਸਮੇ ਦੀ ਗੱਲ ਕੀਤੀ ਗਈ ਸੀ, ਇਹ ਸੀ—ਰਸੂਲਾਂ ਦੇ ਕਰਤੱਬ ਦਾ 10ਵਾਂ ਅਧਿਆਇ।

118 ਅਤੇ ਫਿਰ ਅਸੀਂ ਉਸ ਸਮੇਂ ਤੋਂ ਆਏ ਹਾਂ ਜਿੱਥੇ ਯਿਸੂ ਨੇ ਕਿਹਾ ਸੀ, ਇੱਥੇ, "ਇਸ ਲਈ ਤੁਸੀਂ ਜਾਓ, ਸਾਰੀਆਂ ਕੌਮਾਂ ਨੂੰ ਸਿੱਖਿਆ ਦਿਓ, ਉਨ੍ਹਾਂ ਨੂੰ ਪਿਤਾ ਅਤੇ ਪੁੱਤਰ, ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ।"

119 ਹੁਣ ਪਹਿਲਾਂ, ਆਓ ਇਸ ਲਿਖਤ ਨੂੰ ਸਪੱਸ਼ਟ ਕਰੀਏ। ਮੈਂ ਤੁਹਾਨੂੰ ਇਹ ਦੱਸਿਆ ਹੈ "ਬਾਈਬਲ ਵਿਚ ਇਕ ਵੀ ਅਜਿਹੀ ਲਿਖਤ ਨਹੀਂ ਹੈ ਜੋ ਕਿਸੇ ਹੋਰ ਲਿਖਤ ਦਾ ਖੰਡਨ ਕਰੇ।" ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸਨੂੰ ਮੇਰੇ ਕੋਲ ਲਿਆਓ। ਮੈਂ ਛੱਬੀਆਂ ਸਾਲਾਂ ਤੋਂ ਇਸ ਗੱਲ ਦੀ ਮੰਗ ਕੀਤੀ ਹੈ, ਅਤੇ ਮੈਨੂੰ ਇਹ ਅਜੇ ਤੱਕ ਨਹੀਂ ਮਿਲਿਆ ਹੈ। ਕੋਈ ਵੀ ਲਿਖਤ ਨਹੀਂ ਹੈ ਜੋ ਉਲਟ-... ਜੇ ਇਹ ਇਸਦਾ ਵਿਰੋਧ ਕਰਦੀ ਹੈ, ਤਾਂ ਇਹ ਇੱਕ ਮਨੁੱਖ ਦੁਆਰਾ ਲਿਖਿਆ ਹੋਇਆ ਮਾਮਲਾ ਹੈ। ਨਹੀਂ, ਸ਼੍ਰੀ ਮਾਨ, ਬਾਈਬਲ ਵਿਚ ਕੋਈ ਆਪਸੀ ਵਿਰੋਧ ਨਹੀਂ ਹੈ!

120 ਹੁਣ ਤੁਸੀਂ ਇਹ ਕਿਹਾ, "*ਉਸ* ਬਾਰੇ ਕੀ?"

121 ਇੱਥੇ ਯਿਸੂ ਖੜ੍ਹਾ ਹੋ ਕੇ ਕਹਿੰਦਾ ਹੈ, "ਇਸ ਲਈ ਤੁਸੀਂ ਜਾਓ, ਸਾਰੀਆਂ ਕੌਮਾਂ ਨੂੰ ਸਿਖਾਓ, ਉਨ੍ਹਾਂ ਨੂੰ ਪਿਤਾ, ਪੁੱਤਰ, ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ।"

122 ਅਤੇ ਪਤਰਸ ਸਿੱਧਾ ਪਿਛਾਂਹ ਮੁੜਿਆ, ਅਤੇ ਕਿਹਾ, "ਤੁਹਾਡੇ ਵਿੱਚੋਂ ਹਰ ਇੱਕ, ਤੋਬਾ ਕਰੇ, ਅਤੇ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲਵੇ।"

123 "ਉੱਥੇ ਤੁਹਾਡਾ ਵਿਰੋਧੀ ਵਚਨ ਹੈ।" ਇਸ ਤਰ੍ਹਾਂ ਲਗਦਾ ਹੈ। ਹੁਣ, ਜੇ ਤੁਸੀਂ ਇੱਕ ਸਰੀਰਕ ਦਿਮਾਗ ਨਾਲ ਪੜ੍ਹ ਰਹੇ ਹੋ, ਅਤੇ ਨਾ ਕਿ ਖੁੱਲ੍ਹੇ ਦਿਲ ਨਾਲ, ਤਾਂ ਇਹ ਵਚਨਾਂ ਦਾ ਆਪਸੀ ਵਿਰੋਧ ਹੋਵੇਗਾ।

124 ਪਰ ਜੇ ਤੁਸੀਂ ਇਸਨੂੰ ਖੁੱਲੇ-ਦਿਮਾਗ ਨਾਲ ਪੜ੍ਹੋਗੇ, "ਪਵਿੱਤਰ ਆਤਮਾ ਨੇ ਇਸ ਨੂੰ ਗਿਆਨੀਆਂ ਅਤੇ ਬੁੱਧਵਾਨਾਂ ਦੀਆਂ ਅੱਖਾਂ ਤੋਂ ਲੁਕਾਇਆ ਹੈ," ਯਿਸੂ ਨੇ ਇਹ ਕਿਹਾ, ਅਤੇ ਇਸ ਲਈ ਪਰਮੇਸ਼ੁਰ ਦਾ ਧੰਨਵਾਦ ਕੀਤਾ, "ਅਤੇ ਇਸ

ਨੂੰ ਨਿਆਣਿਆਂ ਲਈ ਪ੍ਰਗਟ ਕੀਤਾ ਹੈ ਤਾਂ ਜੋ ਉਹ ਸਿੱਖਣ।" ਜੇਕਰ ਤੁਹਾਡੇ ਕੋਲ ਇੱਕ ਮਨ ਹੈ, ਅਤੇ ਇੱਕ ਸੁਆਰਥੀ ਮਨ ਨਹੀਂ, ਪਰ ਇੱਕ ਅਜਿਹਾ ਦਿਲ ਜੋ ਸਿੱਖਣ ਲਈ ਤਿਆਰ ਹੈ, ਤਾਂ ਪਵਿੱਤਰ ਆਤਮਾ ਤੁਹਾਨੂੰ ਇਹ ਗੱਲਾਂ ਸਿਖਾਏਗਾ।

125 ਹੁਣ ਜੇ ਇਹ ਮੇਲ ਨਹੀਂ ਖਾਂਦਾ...ਤੁਸੀਂ ਕਿਹਾ, "ਤੁਸੀਂ ਕਿਵੇਂ ਜਾਣਦੇ ਹੋ ਕਿ ਤੁਸੀਂ ਸਹੀ ਹੋ?" ਖੈਰ, ਇਹ ਬਾਕੀ ਲਿਖਤਾਂ ਨਾਲ ਮੇਲ ਖਾਂਦਾ ਹੈ। ਜੇ ਤੁਸੀਂ ਇਹ ਨਹੀਂ ਕਰਦੇ, ਤਾਂ ਤੁਹਾਨੂੰ ਸਭ ਕੁਝ ਆਪਸ ਵਿੱਚ ਵਿਰੋਧ ਕਰਦਾ ਹੋਇਆ ਹੀ ਮਿਲੇਗਾ।

126 ਹੁਣ ਮੈਂ ਤੁਹਾਨੂੰ ਇੱਕ ਸਵਾਲ ਪੁੱਛਣਾ ਚਾਹੁੰਦਾ ਹਾਂ। ਇਹ ਮੱਤੀ ਦਾ ਆਖ਼ਰੀ ਅਧਿਆਇ ਹੈ। ਮੈਂ ਇਸਨੂੰ ਥੋੜੇ ਜਿਹੇ ਰੂਪ ਵਿੱਚ ਲਵਾਂਗਾ, ਤਾਂ ਜੋ ਤੁਹਾਡੇ ਵਿੱਚੋਂ ਹਰ ਇੱਕ...ਬੱਚੇ ਇਸ ਨੂੰ ਸਮਝ ਜਾਣਗੇ।

127 ਉਦਾਹਰਨ ਲਈ, ਜੇ ਤੁਸੀਂ ਇੱਕ ਪ੍ਰੇਮ ਕਹਾਣੀ ਪੜ੍ਹਦੇ ਹੋ, ਅਤੇ ਇਸਦੇ ਅੰਤ ਤੇ ਕਿਹਾ ਹੋਵੇ, "ਅਤੇ ਮੈਰੀ ਅਤੇ ਜੌਨ ਬਾਅਦ ਵਿੱਚ ਹਮੇਸ਼ਾ ਖੁਸ਼ ਰਹੇ।" ਖੈਰ, ਤੁਸੀਂ ਹੈਰਾਨ ਹੋਵੋਗੇ ਕਿ ਜੌਨ ਅਤੇ ਮੈਰੀ ਕੌਣ ਸਨ ਜੋ ਬਾਅਦ ਵਿਚ ਖੁਸ਼ ਰਹੇ ਸਨ। ਹੁਣ, ਜੇ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਜੌਨ ਅਤੇ ਮੈਰੀ ਕੌਣ ਹਨ, ਬਿਹਤਰ ਹੋਵੇਗਾ ਕਿ ਤੁਸੀਂ ਕਿਤਾਬ ਦੇ ਪਹਿਲੇ ਹਿੱਸੇ ਤੇ ਵਾਪਸ ਜਾਓ ਅਤੇ ਇਹ ਪਤਾ ਲਗਾਓ ਕਿ ਜੌਨ ਅਤੇ ਮੈਰੀ ਕੌਣ ਹਨ। ਫਿਰ ਇੱਥੇ ਵਾਪਸ ਆਓ ਅਤੇ ਪਤਾ ਕਰੋ ਕਿ ਮੈਰੀ ਕੌਣ ਸੀ, ਅਤੇ ਉਹ ਕਿਸ ਪਰਿਵਾਰ ਤੋਂ ਆਈ ਸੀ; ਅਤੇ ਜੌਨ ਕੌਣ ਸੀ, ਅਤੇ ਉਹ ਕਿਸ ਪਰਿਵਾਰ ਤੋਂ ਆਇਆ ਸੀ, ਅਤੇ ਉਸਦਾ ਨਾਮ ਕੀ ਸੀ, ਅਤੇ ਉਹਨਾਂ ਦਾ ਵਿਆਹ ਕਿਵੇਂ ਹੋਇਆ ਸੀ, ਅਤੇ ਇਸ ਬਾਰੇ ਸਭ ਕੁਝ। ਕੀ ਇਹ ਸਹੀ ਹੈ?

128 ਖੈਰ, ਬਾਈਬਲ ਪੜ੍ਹਨ ਵਿੱਚ ਵੀ ਇਹੀ ਗੱਲ ਹੈ। ਜਦੋਂ...ਦੇਖੋ, ਯਿਸੂ ਨੇ ਕਦੇ ਨਹੀਂ ਕਿਹਾ, "ਜਾ ਕੇ ਲੋਕਾਂ ਨੂੰ ਪਿਤਾ ਦੇ ਨਾਮ ਵਿੱਚ, ਪੁੱਤਰ ਦੇ ਨਾਮ ਵਿੱਚ, ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ," ਜਿਸ ਤਰ੍ਹਾਂ ਤ੍ਰਿਏਕਵਾਦੀ ਲੋਕ ਬਪਤਿਸਮਾ ਦਿੰਦੇ ਹਨ। ਬਾਈਬਲ ਵਿਚ ਇਸਦੇ ਲਈ ਕੋਈ ਵਚਨ ਨਹੀਂ ਹੈ। ਉਸਨੇ ਕਦੇ ਨਹੀਂ ਕਿਹਾ, "ਨਾਮਾਂ (ਐਨ-ਏ-ਐਮ-ਈ-ਐਸ), ਨਾਮਾਂ ਵਿਚ" ਪਿਤਾ, ਪੁੱਤਰ, ਅਤੇ ਪਵਿੱਤਰ ਆਤਮਾ ਦੇ।

129 ਉਸ ਨੇ ਕਿਹਾ, "(ਐਨ-ਏ-ਐਮ-ਈ) ਨਾਮ ਵਿੱਚ," ਇਕਵਚਨ। ਆਪਣੀ ਬਾਈਬਲ ਵਿੱਚ ਦੇਖੋ ਅਤੇ ਪਤਾ ਲਗਾਓ ਕਿ ਕੀ ਇਹ ਸਹੀ ਹੈ, ਮੱਤੀ 28, "*ਨਾਮ* ਦੇ ਵਿਚ।"

130 ਨਾ ਕਿ "ਪਿਤਾ ਦੇ ਨਾਮ ਵਿੱਚ, ਪੁੱਤਰ ਦੇ ਨਾਮ ਵਿੱਚ,..." ਤ੍ਰਿਏਕਤਾ ਦਾ

ਪ੍ਰਚਾਰਕ ਇਸੇ ਤਰ੍ਹਾਂ ਬਪਤਿਸਮਾ ਦਿੰਦਾ ਹੈ। "ਪਿਤਾ ਦੇ ਨਾਮ ਵਿੱਚ, ਪੁੱਤਰ ਦੇ ਨਾਮ ਵਿੱਚ, ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ।" ਇਹ ਤਾਂ ਬਾਈਬਲ ਵਿਚ ਵੀ ਨਹੀਂ ਹੈ।

131 "ਫਿਰ ਨਾਮ ਵਿੱਚ..." ਤੁਸੀਂ ਕਿਹਾ, "ਅੱਛਾ, ਫਿਰ 'ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ।'" ਫਿਰ ਉੱਥੇ ਇੱਕ ਖਾਸ ਨਾਮ ਹੈ।

132 ਠੀਕ ਹੈ, ਕੀ *ਪਿਤਾ* ਇੱਕ ਨਾਮ ਹੈ? ਕਿੰਨੇ ਜਾਣਦੇ ਹਨ ਕਿ *ਪਿਤਾ* ਇੱਕ ਨਾਮ ਨਹੀਂ ਹੈ? *ਪਿਤਾ* ਇੱਕ ਉਪਾਧੀ ਹੈ। *ਪੁੱਤਰ* ਇੱਕ ਨਾਮ ਨਹੀਂ ਹੈ। ਕਿੰਨੇ ਜਾਣਦੇ ਹਨ *ਪੁੱਤਰ* ਇੱਕ ਨਾਮ ਨਹੀਂ ਹੈ? ਇੱਥੇ ਕਿੰਨੇ ਪਿਤਾ ਹਨ? ਆਪਣਾ ਹੱਥ ਖੜ੍ਹਾ ਕਰੋ। ਇੱਥੇ ਕਿੰਨੇ ਪੁੱਤਰ ਹਨ? ਆਪਣੇ ਹੱਥ ਉੱਪਰ ਕਰੋ। ਠੀਕ ਹੈ, ਤੁਹਾਡੇ ਵਿੱਚੋਂ ਕਿਸ ਦਾ ਨਾਮ "ਪੁੱਤਰ" ਹੈ? ਤੁਹਾਡੇ ਵਿੱਚੋਂ ਕਿਸ ਦਾ ਨਾਮ "ਪਿਤਾ" ਹੈ? ਠੀਕ ਹੈ, *ਪਵਿੱਤਰ ਆਤਮਾ* ਇੱਕ ਨਾਮ ਨਹੀਂ ਹੈ, *ਪਵਿੱਤਰ ਆਤਮਾ* ਉਹ ਹੈ ਜੋ ਇਹ ਹੈ। ਇੱਥੇ ਕਿੰਨੇ ਇਨਸਾਨ ਹਨ? ਆਪਣਾ ਹੱਥ ਖੜ੍ਹਾ ਕਰੋ। ਵੇਖਿਆ? ਉੱਥੇ ਤੁਸੀਂ ਹੋ, ਪਵਿੱਤਰ ਆਤਮਾ ਉਹ ਹੈ ਜੋ ਇਹ ਹੈ। *ਪਿਤਾ*, *ਪੁੱਤਰ*, ਅਤੇ *ਪਵਿੱਤਰ ਆਤਮਾ*, ਇਹਨਾਂ ਵਿੱਚੋਂ ਕੋਈ ਵੀ ਨਾਮ ਨਹੀਂ ਹੈ; ਇਹਨਾਂ ਵਿੱਚੋਂ ਕੋਈ ਨਾਮ ਨਹੀਂ ਹੈ।

133 ਠੀਕ ਹੈ, ਫਿਰ, ਜੇ ਉਸਨੇ ਕਿਹਾ, "ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ," ਚੰਗਾ ਹੋਵੇਗਾ ਕਿ ਅਸੀ ਪਿਛਾਂਹ ਜਾਈਏ ਅਤੇ ਇਹ ਪਤਾ ਲਗਾਈਏ ਕਿ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਕੌਣ ਹੈ। ਤਾਂ ਆਓ ਫਿਰ ਮੱਤੀ ਦੇ ਪਹਿਲੇ ਅਧਿਆਇ ਵੱਲ ਮੁੜੀਏ, ਵੇਖੀਏ ਕਿ ਇਹ ਵਿਅਕਤੀ ਕੌਣ ਸੀ ਜਿਸ ਕਿਸੇ ਦੇ ਨਾਮ ਵਿੱਚ ਸਾਨੂੰ ਬਪਤਿਸਮਾ ਲੈਣਾ ਚਾਹੀਦਾ ਹੈ। ਅਤੇ ਅਸੀਂ ਹੁਣ ਮੱਤੀ ਦੇ, ਪਹਿਲੇ ਅਧਿਆਇ ਅਤੇ 18ਵੀਂ ਆਇਤ ਨਾਲ ਸ਼ੁਰੂ ਕਰਦੇ ਹਾਂ। ਤੁਸੀਂ ਸਾਰੇ, ਧਿਆਨ ਨਾਲ ਪੜ੍ਹੋ।

134 ਹੁਣ, ਤੁਸੀਂ ਜਿਸ ਨੇ ਸਵਾਲ ਪੁੱਛਿਆ ਹੈ, ਮੈਂ ਇੱਥੇ ਇੱਕ ਛੋਟਾ ਜਿਹਾ ਉਦਾਹਰਣ ਦੇਣਾ ਚਾਹੁੰਦਾ ਹਾਂ। ਹੁਣ ਮੈਂ ਇੱਥੇ ਤਿੰਨ ਚੀਜ਼ਾਂ ਰੱਖਣ ਜਾ ਰਿਹਾ ਹਾਂ ਤਾਂ ਜੋ ਤੁਸੀਂ ਸਪਸ਼ਟ ਰੂਪ ਵਿੱਚ ਸਮਝ ਸਕੋ, (ਉਦਾਹਰਣ ਲਈ) ਇਹ ਬਾਈਬਲਾਂ ਅਤੇ ਕਿਤਾਬਾਂ, ਉਦਾਹਰਣ ਦੇਣ ਲਈ।

135 ਠੀਕ ਹੈ, ਮੈਂ ਚਾਹੁੰਦਾ ਹਾਂ ਕਿ ਤੁਸੀਂ ਮੇਰੇ ਵੱਲ ਧਿਆਨ ਨਾਲ ਦੇਖੋ, ਅਤੇ ਹਰ ਕੋਈ ਹੁਣ ਮੇਰੇ ਪਿੱਛੇ ਆਵੇ। ਹੁਣ, *ਇਹ* ਇੱਥੇ ਪਿਤਾ ਪਰਮੇਸ਼ੁਰ ਹੈ। *ਇਹ* ਇੱਥੇ ਪਰਮੇਸ਼ੁਰ ਪੁੱਤਰ ਹੈ। *ਇਹ* ਇੱਥੇ ਪਰਮੇਸ਼ੁਰ ਪਵਿੱਤਰ ਆਤਮਾ ਹੈ। ਹੁਣ, ਕਿੰਨੇ ਲੋਕ ਸਮਝ ਰਹੇ ਹਨ? ਤੁਸੀਂ ਮੇਰੇ ਪੁੱਛਣ ਤੋਂ ਬਾਅਦ ਇਹ ਕਹਿਣਾ। *ਇੱਥੇ* ਹੇਠਾਂ ਇਹ ਕੌਣ ਹੈ? [ਕਲੀਸਿਯਾ ਕਹਿੰਦੀ ਹੈ, "ਪਵਿੱਤਰ

ਆਤਮਾ।"—ਸੰਪਾ.] ਪਵਿੱਤਰ ਆਤਮਾ। *ਇੱਥੇ* ਇਹ ਕੌਣ ਹੈ? ["ਪਿਤਾ।"] *ਇੱਥੇ* ਇਹ ਕੌਣ ਹੈ? ["ਪੁੱਤਰ।"] ਹੁਣ, ਤ੍ਰਿਏਕਵਾਦੀ ਇਸ ਤੇ ਇਸੇ ਤਰ੍ਹਾਂ ਵਿਸ਼ਵਾਸ ਕਰਦੇ ਹਨ, ਦੇਖੋ, ਇਹ ਸਾਨੂੰ ਮੂਰਤੀਪੂਜਕ ਬਣਾਉਂਦਾ ਹੈ, ਬਸ ਸਿੱਧੀ ਗੱਲ ਜਿੰਨੀ ਇਹ ਹੋ ਸਕਦੀ ਹੈ।

136 ਯਹੂਦੀ; ਇਹੀ ਕਾਰਨ ਹੈ ਕਿ ਤੁਸੀਂ ਇੱਕ ਯਹੂਦੀ ਨਾਲ ਕੁਝ ਨਹੀਂ ਕਰ ਸਕਦੇ। ਉਸ ਨੇ ਕਿਹਾ, "ਤੁਸੀਂ ਪਰਮੇਸ਼ੁਰ ਨੂੰ ਤਿੰਨ ਟੁਕੜਿਆਂ ਵਿੱਚ ਕੱਟ ਕੇ ਇੱਕ ਯਹੂਦੀ ਨੂੰ ਨਹੀਂ ਦੇ ਸਕਦੇ।" ਪਰ, ਯਕੀਨਨ ਨਹੀਂ, ਤੁਸੀਂ ਮੈਨੂੰ ਵੀ ਨਹੀਂ ਦੇ ਸਕਦੇ। ਸਮਝੇ? ਨਹੀਂ, ਸ਼੍ਰੀ ਮਾਨ। ਉਹ ਇੱਕ ਪਰਮੇਸ਼ੁਰ ਹੈ। ਇਹ ਬਿਲਕੁਲ ਅਜਿਹਾ ਹੀ ਹੈ। ਤਿੰਨ ਪਰਮੇਸ਼ੁਰ ਨਹੀਂ ਹਨ। ਹੁਣ ਧਿਆਨ ਦਿਓ ਕਿ ਇਹ ਕਿੰਨਾ—ਕਿੰਨਾ—ਕਿੰਨਾ ਸਧਾਰਨ ਹੈ।

137 ਹੁਣ ਅਸੀਂ ਪਤਾ ਲਗਾਉਣ ਜਾ ਰਹੇ ਹਾਂ। ਹੁਣ, ਕੌਣ ਹੈ…*ਇਹ ਕੌਣ ਹੈ?* ਹੁਣ ਕੁਝ ਲੋਕ ਬੋਲ ਕੇ ਦੱਸੋ। ਪਰਮੇਸ਼ੁਰ ਜੋ ਪੁੱਤਰ ਹੈ। ਕੀ ਇਹ ਸਹੀ ਹੈ? *ਇਹ* ਪੁੱਤਰ ਹੈ। ਠੀਕ ਹੈ, ਫਿਰ ਉਸਦਾ ਪਿਤਾ ਪਰਮੇਸ਼ੁਰ ਹੈ। ਕੀ ਇਹ ਸਹੀ ਹੈ? ਕਿੰਨੇ ਵਿਸ਼ਵਾਸ ਕਰਦੇ ਹਨ ਕਿ ਉਸਦਾ ਪਿਤਾ ਪਰਮੇਸ਼ੁਰ ਹੈ? ਆਪਣਾ ਹੱਥ ਉਠਾਓ। ਕਿੰਨੇ ਵਿਸ਼ਵਾਸ ਕਰਦੇ ਹਨ ਕਿ ਪਰਮੇਸ਼ੁਰ ਯਿਸੂ ਮਸੀਹ ਦਾ ਪਿਤਾ ਹੈ? ਠੀਕ ਹੈ।

> *ਹੁਣ ਯਿਸੂ ਮਸੀਹ ਦਾ ਜਨਮ ਇਸ ਤਰ੍ਹਾਂ ਹੋਇਆ:…*

138 ਹੁਣ ਅਸੀਂ ਇਹ ਪਤਾ ਲਗਾਉਣ ਲਈ ਪਿਛਾਂਹ ਜਾ ਰਹੇ ਹਾਂ ਕਿ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਕੌਣ ਹੈ, ਜਿਸ ਬਾਰੇ ਮੱਤੀ ਨੇ ਕਿਹਾ "ਉਸ ਦੇ ਨਾਮ ਵਿੱਚ ਬਪਤਿਸਮਾ ਦਿਓ।" ਦੇਖੋ, ਹੁਣ ਨਾਮ ਹੈ; ਨਾਮ ਨਹੀਂ ਹਨ, ਕਿਉਂਕਿ ਉਹ ਨਾਮ ਨਹੀਂ ਹੋ ਸਕਦੇ, ਕਿਉਂਕਿ ਉੱਥੇ ਕੋਈ ਨਾਮ ਨਹੀਂ ਹੈ।

> *ਹੁਣ ਯਿਸੂ ਮਸੀਹ ਦਾ ਜਨਮ ਇਸ ਤਰ੍ਹਾਂ ਹੋਇਆ: ਜਦੋਂ…ਉਸ ਦੀ ਮਾਤਾ ਮਰਿਯਮ ਦੀ ਮੰਗਣੀ ਯੂਸੁਫ਼ ਨਾਲ ਹੋਈ, ਤਾਂ ਉਨ੍ਹਾਂ ਦੇ ਇਕੱਠੇ ਹੋਣ ਤੋਂ ਪਹਿਲਾਂ ਹੀ ਉਹ* ਪਿਤਾ ਪਰਮੇਸ਼ੁਰ ਦੁਆਰਾ *ਗਰਭਵਤੀ ਪਾਈ ਗਈ।* (ਕੀ ਬਾਈਬਲ ਇਹ ਕਹਿੰਦੀ ਹੈ? ਬਾਈਬਲ ਕੀ ਕਹਿੰਦੀ ਹੈ?)…*ਉਹ ਪਵਿੱਤਰ ਆਤਮਾ ਦੁਆਰਾ ਇੱਕ ਬਾਲਕ ਨਾਲ ਗਰਭਵਤੀ ਪਾਈ ਗਈ।*

139 ਫਿਰ *ਇਹਨਾਂ* ਵਿੱਚੋਂ ਕਿਹੜਾ ਉਸਦਾ ਪਿਤਾ ਹੈ? ਹੁਣ, ਬਾਈਬਲ ਨੇ ਕਿਹਾ ਕਿ *ਇਹ* ਉਸਦਾ ਪਿਤਾ ਹੈ, ਅਤੇ ਯਿਸੂ ਨੇ ਕਿਹਾ ਕਿ *ਇਹ* ਉਸਦਾ ਪਿਤਾ ਸੀ। ਹੁਣ, ਉਸਦਾ ਪਿਤਾ ਕੌਣ ਹੈ? ਹੁਣ, ਜੇ ਉਸ ਦੇ ਦੋ ਪਿਤਾ ਸਨ, ਤਾਂ ਫਿਰ ਇਸ

ਬਾਰੇ ਕੀ? ਜੇਕਰ ਉਸਦੇ ਦੋ ਪਿਤਾ ਸਨ, ਤਾਂ ਉਹ ਇੱਕ ਨਾਜਾਇਜ਼ ਬਾਲਕ ਹੁੰਦਾ।

140 ਆਓ ਹੁਣ ਥੋੜ੍ਹਾ ਅੱਗੇ ਪੜ੍ਹੀਏ:

> *ਤਦ ਉਹ ਦੇ ਪਤੀ ਯੂਸੁਫ਼ ਨੇ, ਜਿਹੜਾ ਧਰਮੀ ਪੁਰਖ ਸੀ, ਉਹ ਇਹ ਨਹੀਂ* ਸੀ ਚਾਹੁੰਦਾ *ਭਈ ਉਹ ਨੂੰ ਕਲੰਕਣ ਪਰਗਟ ਕਰੇ,* ਪਰ *ਇਹ ਦਲੀਲ ਕੀਤੀ ਜੋ ਉਹ ਨੂੰ ਚੁੱਪ ਕੀਤਿਆਂ ਤਿਆਗ ਦੇਵੇ।*
>
> *ਪਰ ਜਾਂ ਉਹ ਇੰਨ੍ਹਾਂ ਗੱਲਾਂ ਦੀ ਚਿੰਤਾ ਵਿੱਚ ਪਿਆ ਹੋਇਆ ਸੀ ਤਾਂ ਵੇਖੋ, ਪ੍ਰਭੂ ਦੇ ਇੱਕ ਦੂਤ ਨੇ ਸੁਫਨੇ ਵਿੱਚ ਉਸ ਨੂੰ ਦਰਸ਼ਣ ਦਿੱਤਾ, ਕਿਹਾ, ਯੂਸੁਫ਼, ਦਾਊਦ ਦੇ ਪੁੱਤ੍ਰ, ਤੂੰ ਆਪਣੀ ਪਤਨੀ ਮਰਿਯਮ ਨੂੰ ਆਪਣੇ ਘਰ ਲਿਆਉਣ ਤੋਂ ਨਾ ਡਰ: ਕਿਉਂਕਿ ਜਿਹੜਾ ਉਹ ਦੀ ਕੁੱਖ ਵਿੱਚ ਆਇਆ ਹੈ ਉਹ...* [ਸਭਾ ਕਹਿੰਦੀ ਹੈ, "ਪਵਿੱਤਰ ਆਤਮਾ ਤੋਂ ਹੈ"—ਸੰਪਾ.]

141 *ਕਿਸ ਤੋਂ*? ਪਵਿੱਤਰ ਆਤਮਾ ਤੋਂ? ਅੱਛਾ, ਪਿਤਾ ਉਸਦਾ ਪਿਤਾ ਕਿਵੇਂ ਹੋ ਸਕਦਾ ਹੈ, ਅਤੇ ਉਸੇ ਸਮੇਂ ਪਵਿੱਤਰ ਆਤਮਾ ਵੀ ਉਸਦਾ ਪਿਤਾ ਕਿਵੇਂ ਹੋ ਸਕਦਾ ਹੈ? ਹੁਣ, ਫਿਰ ਤਾਂ ਉਸਦੇ ਦੋ ਪਿਤਾ ਹੋਏ, ਜੇ ਇਹ ਗੱਲ ਸਹੀ ਹੈ ਤਾਂ। ਨਹੀਂ, ਸ਼੍ਰੀ ਮਾਨ! ਪਵਿੱਤਰ ਆਤਮਾ ਹੀ ਪਰਮੇਸ਼ੁਰ **ਹੈ**। ਪਵਿੱਤਰ ਆਤਮਾ ਹੀ **ਪਰਮੇਸ਼ੁਰ ਹੈ**। ਇਸ ਲਈ ਪਰਮੇਸ਼ੁਰ ਅਤੇ ਪਵਿੱਤਰ ਆਤਮਾ ਇੱਕ ਹੀ ਵਿਅਕਤੀ ਹੈ, ਜਾਂ ਤਾਂ ਉਸਦੇ ਦੋ ਪਿਤਾ ਸਨ।

142 ਦੇਖੋ, ਅਸੀਂ ਪਤਾ ਲੱਗਾਵਾਂਗੇ ਕਿ *ਜੌਨ ਅਤੇ ਮੈਰੀ* ਕੌਣ ਹਨ, ਕੁਝ ਸਮੇਂ ਬਾਅਦ। ਠੀਕ ਹੈ, ਅਸੀਂ ਇਹ ਪਤਾ ਲੱਗਾਵਾਂਗੇ ਕਿ ਕੀ ਪਤਰਸ ਅਤੇ ਮੱਤੀ ਇੱਕ ਦੂਜੇ ਦਾ ਵਿਰੋਧ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਜਾਂ ਨਹੀਂ, ਵੇਖਾਂਗੇ ਕਿ ਕੀ ਲਿਖਤਾਂ ਆਪਣੇ ਆਪ ਦਾ ਵਿਰੋਧ ਕਰ ਰਹੀਆਂ ਹਨ। ਇਹ ਆਤਮਿਕ ਸਮਝ ਦੀ ਘਾਟ ਹੈ। ਇਹ ਠੀਕ ਹੈ।

> *ਪਰ ਜਾਂ ਉਹ ਇੰਨ੍ਹਾਂ ਗੱਲਾਂ ਦੀ ਚਿੰਤਾ ਵਿੱਚ...*

143 ਮੈਂ ਇਸ ਨੂੰ ਪੜ੍ਹ ਲਿਆ ਸੀ, 20ਵੀਂ ਆਇਤ ਨੂੰ। ਹੁਣ 21ਵੀਂ ਆਇਤ:

> *ਅਤੇ ਉਹ ਇੱਕ ਪੁੱਤ੍ਰ ਜਣੇਗੀ,...*(ਇਹ ਵਿਅਕਤੀ, *ਇਨ੍ਹਾਂ ਵਿੱਚੋਂ* ਕਿਹੜਾ ਸੀ? ਇੱਕ ਵਿਅਕਤੀ, ਪਰਮੇਸ਼ੁਰ।) *...ਅਤੇ ਤੂੰ ਉਹ ਦਾ ਨਾਮ ਯਿਸੂ ਰੱਖੀਂ...*(ਕੀ?) [ਸਭਾ ਉੱਤਰ ਦਿੰਦੀ ਹੈ, "*ਯਿਸੂ*"—ਸੰਪਾ.] *...ਕਿਉਂ ਜੋ ਉਹ ਆਪਣੇ ਲੋਕਾਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਬਚਾਵੇਗਾ।*

> *…ਇਹ ਸਭ ਕੁਝ ਇਸ ਲਈ ਹੋਇਆ, ਭਈ…ਜਿਹੜੀ ਗੱਲ ਪ੍ਰਭੁ ਨੇ ਨਬੀ ਦੀ ਜ਼ਬਾਨੀ ਆਖੀ ਸੀ ਉਹ ਪੂਰੀ ਹੋਵੇ, ਕਿ,*
>
> *ਵੇਖੋ, ਇੱਕ ਕੁਆਰੀ ਗਰਭਵਤੀ ਹੋਵੇਗੀ, ਅਤੇ ਇੱਕ ਪੁੱਤਰ ਨੂੰ ਜਨਮ ਦੇਵੇਗੀ, ਅਤੇ ਉਹ ਉਸ ਦਾ ਨਾਮ ਇੰਮਾਨੂਏਲ ਰੱਖਣਗੇ,…* ਜਿਹ ਦਾ ਅਰਥ ਇਹ ਹੈ, *ਪਰਮੇਸ਼ੁਰ ਸਾਡੇ ਸੰਗ।*

144 ਤਾਂ *ਜੌਨ ਅਤੇ ਮੈਰੀ* ਕੌਣ ਸਨ ਜੋ ਬਾਅਦ ਵਿਚ ਖੁਸ਼ ਰਹੇ? ਉਹ ਕੌਣ ਸੀ ਜਿਸਨੇ ਕਿਹਾ, "ਇਸ ਲਈ ਤੁਸੀਂ ਜਾਓ, ਸਾਰੀਆਂ ਕੌਮਾਂ ਨੂੰ ਸਿੱਖਿਆ ਦਿਓ, ਉਨ੍ਹਾਂ ਨੂੰ ਪਿਤਾ, ਪੁੱਤਰ, ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ"? ਪਿਤਾ ਕੌਣ ਸੀ? ਪਿਤਾ, ਪੁੱਤਰ, ਪਵਿੱਤਰ ਆਤਮਾ ਦਾ ਨਾਮ ਕੀ ਸੀ? [ਕੋਈ ਕਹਿੰਦਾ ਹੈ, "ਯਿਸੂ।"—ਸੰਪਾ.] ਯਕੀਨਨ, ਇਹ ਸੀ। ਯਕੀਨਨ, ਇਸਦਾ ਕੋਈ ਵਿਰੋਧ ਨਹੀਂ ਹੈ। ਥੋੜਾ ਜਿਹਾ ਵੀ ਨਹੀਂ। ਇਹ ਬਸ ਲਿਖਤ ਨੂੰ ਸਪੱਸ਼ਟ ਕਰ ਦਿੰਦਾ ਹੈ। ਉਹ ਪਿਤਾ, ਪੁੱਤਰ, ਅਤੇ ਪਵਿੱਤਰ ਆਤਮਾ ਸੀ। ਪਰਮੇਸ਼ੁਰ (ਇੰਮਾਨੂਏਲ) ਸਾਡੇ ਨਾਲ ਰਹਿੰਦਾ ਸੀ, ਇੱਕ ਸਰੀਰ ਵਿੱਚ ਤੰਬੂ ਲਗਾ ਕੇ ਜਿਸ ਨੂੰ "ਯਿਸੂ" ਕਿਹਾ ਗਿਆ।

145 ਹੁਣ, ਵਨਨੈਸ ਕਲੀਸਿਯਾ ਦੀ ਏਕਤਾ ਦੀ ਸਿੱਖਿਆ, ਮੈਂ ਯਕੀਨਨ ਇਸ ਦੇ ਨਾਲ ਸਹਿਮਤ ਨਹੀਂ ਹਾਂ, ਇਹ ਸੋਚਣਾ ਕਿ ਯਿਸੂ ਇੱਕ ਹੈ ਜਿਵੇਂ ਤੁਹਾਡੀ ਉਂਗਲ ਇੱਕ ਹੈ। ਉਸਦਾ ਇੱਕ ਪਿਤਾ ਹੋਣਾ ਚਾਹੀਦਾ ਸੀ। ਜੇ ਉਹ ਨਹੀਂ ਸੀ, ਤਾਂ ਉਹ ਆਪਣਾ ਪਿਤਾ ਖੁਦ ਕਿਵੇਂ ਹੋ ਸਕਦਾ ਹੈ? ਅਤੇ ਜੇਕਰ ਉਸਦਾ ਪਿਤਾ ਇੱਕ ਆਦਮੀ ਸੀ ਜਿਵੇਂ ਤ੍ਰਿਏਕਵਾਦੀ ਕਹਿੰਦੇ ਹਨ, ਤਾਂ ਉਸਨੇ ਦੋ ਪਿਤਾਵਾਂ ਤੋਂ ਇੱਕ ਨਾਜਾਇਜ਼ ਜਨਮ ਲਿਆ ਸੀ। ਇਸ ਲਈ, ਤੁਸੀਂ ਦੇਖੋ, ਤੁਸੀਂ ਬਹਿਸ ਕਰਕੇ ਦੋਵੇਂ ਗਲਤ ਹੋ। ਸਮਝੇ?

146 ਪਰ ਇਸ ਗੱਲ ਦਾ ਸੱਚ ਇਹ ਹੈ, ਕਿ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੋਵੇਂ ਇੱਕ ਸ਼ਖਸੀਅਤ ਹਨ। [ਟੇਪ ਤੇ ਖਾਲੀ ਥਾਂ—ਸੰਪਾ.] …ਦੇਹ ਦੇ ਤੰਬੂ ਵਿੱਚ ਵਾਸ ਕੀਤਾ, ਤਾਂ ਜੋ ਜਗਤ ਦੇ ਪਾਪ ਚੁੱਕ ਲਵੇ। ਇਹ ਬਿਲਕੁਲ ਸਹੀ ਹੈ, "ਪਰਮੇਸ਼ੁਰ ਸਾਡੇ ਸੰਗ।" ਹੁਣ, ਇਸ ਲਈ, ਜਦੋਂ ਮੱਤੀ 28:19…

147 ਹੁਣ, ਤੁਸੀਂ ਲਿਖਤਾਂ ਵਿੱਚ ਖੋਜ ਕਰੋ, ਅਤੇ ਜਦੋਂ ਤੁਸੀਂ ਲੱਭ ਸਕੋ ਕਿ ਬਾਈਬਲ ਵਿਚ ਇਕ ਵੀ ਵਿਅਕਤੀ ਨੂੰ…(ਹੁਣ ਇਸ ਬਾਰੇ ਸੋਚੋ, ਹੁਣ ਇਸ ਨੂੰ ਤੁਹਾਡੇ ਉੱਤੋਂ ਨਾ ਲੰਘਣ ਦਿਓ।) …ਜਿੱਥੇ ਬਾਈਬਲ ਵਿੱਚ ਇੱਕ ਵੀ ਵਿਅਕਤੀ ਨੂੰ ਕਦੇ ਵੀ "ਪਿਤਾ," ਅਤੇ "ਪੁੱਤਰ," ਅਤੇ "ਪਵਿੱਤਰ ਆਤਮਾ" ਦੇ ਨਾਮ ਵਿੱਚ ਬਪਤਿਸਮਾ ਦਿੱਤਾ ਗਿਆ ਸੀ, ਤਾਂ ਮੇਰੇ ਕੋਲ ਆਉਣਾ ਅਤੇ ਮੈਨੂੰ ਕਹਿਣਾ ਕਿ ਮੈਂ ਇੱਕ ਪਖੰਡੀ ਹਾਂ, ਅਤੇ ਮੈਂ ਆਪਣੀ ਪਿੱਠ ਤੇ ਇੱਕ

ਤੱਖਤੀ ਲਗਾਵਾਂਗਾ ਅਤੇ ਸ਼ਹਿਰ ਵਿੱਚ ਘੁੰਮਾਂਗਾ। ਇਹ ਵਚਨ ਵਿੱਚ ਨਹੀਂ ਹੈ, ਉਤਪਤ ਤੋਂ ਲੈ ਕੇ ਪਰਕਾਸ਼ ਦੀ ਪੋਥੀ ਤੱਕ। ਪਰ ਬਾਈਬਲ ਵਿਚ ਹਰ ਵਿਅਕਤੀ ਨੂੰ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਦਿੱਤਾ ਗਿਆ ਸੀ!

148 ਤੁਸੀ ਕਹੋਗੇ, "ਇੱਕ ਮਿੰਟ ਰੁਕੋ, ਪ੍ਰਚਾਰਕ। ਯੁਹੰਨਾ ਬਾਰੇ ਕੀ? ਉਸਨੇ ਕਿਸੇ ਵੀ ਨਾਮ ਵਿੱਚ ਬਪਤਿਸਮਾ ਨਹੀਂ ਦਿੱਤਾ!"

149 ਠੀਕ ਹੈ, ਅਸੀਂ ਇਹ ਪਤਾ ਲਗਾਵਾਂਗੇ ਕਿ ਕੀ ਹੋਇਆ; ਆਓ ਰਸੂਲਾਂ ਦੇ ਕਰਤੱਬ ਵੱਲ—ਵੱਲ ਮੁੜਦੇ ਹਾਂ, 19ਵਾਂ ਅਧਿਆਇ। ਇਹੀ ਉਹ ਥਾਂ ਹੈ ਜਿੱਥੇ ਸਾਨੂੰ ਯੁਹੰਨਾ ਦੇ ਚੇਲੇ ਮਿਲਦੇ ਹਨ। ਹਰ ਵਿਅਕਤੀ ਨੂੰ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਦਿੱਤਾ ਗਿਆ ਸੀ, ਉਦੋਂ ਤੱਕ ਜਦੋਂ ਤੱਕ ਅਸੀਂ ਇਸ ਝੁੰਡ ਨੂੰ ਨਹੀਂ ਲੱਭ ਲੈਂਦੇ। ਰਸੂਲਾਂ ਦੇ ਕਰਤੱਬ, 19ਵਾਂ ਅਧਿਆਇ। ਅਤੇ ਆਓ ਹੁਣ ਪੜ੍ਹਨਾ ਸ਼ੁਰੂ ਕਰੀਏ, ਅਤੇ ਅਸੀਂ ਯੂਹੰਨਾ ਦੇ ਚੇਲਿਆਂ ਨੂੰ ਵੇਖਦੇ ਹਾਂ:

> *ਫਿਰ ਇਸ ਤਰ੍ਹਾਂ ਹੋਇਆ,…ਕਿ ਜਦੋਂ ਅਪੁੱਲੋਸ* (ਜੋ ਇੱਕ ਵਕੀਲ ਸੀ, ਬਦਲਿਆ ਹੋਇਆ) *ਕੁਰਿੰਥੁਸ ਵਿੱਚ ਸੀ, ਤਾਂ ਪੌਲੁਸ ਉੱਪਰਲੇ ਇਲਾਕਿਆਂ…ਵਿੱਚੋਂ ਦੀ ਲੰਘ ਕੇ ਅਫ਼ਸੁਸ ਨੂੰ ਆਇਆ: ਉੱਥੇ ਉਸ ਨੂੰ ਕੁਝ ਚੇਲੇ ਮਿਲੇ,* (ਉਹ ਯਿਸੂ ਦੇ ਪਿੱਛੇ ਚੱਲਣ ਵਾਲੇ ਲੋਕ ਸਨ)

150 ਜੇਕਰ ਤੁਸੀਂ ਇਸ ਤੋਂ ਪਿਛਲੇ ਅਧਿਆਇ ਨੂੰ ਦੇਖਿਆ ਹੈ, ਉਹ ਇੰਨਾ ਵਧੀਆ ਸਮਾਂ ਬਿਤਾ ਰਹੇ ਸਨ ਏਥੋਂ ਤੱਕ ਉਹ ਰੌਲਾ ਪਾ ਰਹੇ ਸਨ ਅਤੇ ਖੁਸ਼ੀ ਮਨਾ ਰਹੇ ਸਨ। ਕਿੰਨੇ ਜਾਣਦੇ ਹਨ ਕਿ ਇਹ ਸੱਚ ਹੈ? ਅਤੇ ਅਕੂਲਾ ਅਤੇ ਪ੍ਰਿਸਕਿੱਲਾ ਸਭਾ ਵਿੱਚ ਹਾਜ਼ਰ ਸਨ। ਅਤੇ ਪੌਲੁਸ ਅਤੇ ਸੀਲਾਸ ਨੂੰ ਕੁੱਟਿਆ ਗਿਆ ਅਤੇ ਕੋਰੜੇ ਮਾਰੇ ਗਏ, ਅਤੇ ਜੇਲ੍ਹ ਵਿੱਚ ਸੁੱਟ ਦਿੱਤਾ ਗਿਆ। ਕੀ ਇਹ ਸਹੀ ਹੈ? ਅਤੇ ਉਹ ਇੱਥੇ ਆਏ, ਅਤੇ ਅਕੂਲਾ ਅਤੇ ਪ੍ਰਿਸਕਿੱਲਾ ਨੂੰ ਮਿਲੇ। ਅਤੇ ਉਨ੍ਹਾਂ ਕੋਲ ਇੱਕ ਬੈਪਟਿਸਟ ਪ੍ਰਚਾਰਕ ਦੁਆਰਾ ਬੇਦਾਰੀ ਸੀ, ਜਿਸਦਾ ਨਾਮ ਅਪੁੱਲੋਸ ਸੀ, ਜੋ ਲਿਖਤਾਂ ਦੁਆਰਾ ਸਾਬਤ ਕਰ ਰਿਹਾ ਸੀ ਕਿ "ਯਿਸੂ ਮਸੀਹ ਸੀ।" ਹੁਣ ਪੌਲੁਸ ਉਸਨੂੰ ਮਿਲਦਾ ਹੈ:

> *…ਪੌਲੁਸ ਉੱਪਰਲੇ ਇਲਾਕਿਆਂ ਵਿੱਚੋਂ ਦੀ ਲੰਘ ਕੇ ਅਫ਼ਸੁਸ ਨੂੰ ਆਇਆ:…ਕੁਝ ਚੇਲਿਆਂ ਨੂੰ* ਮਿਲਦਾ ਹੈ,
>
> *ਉਸ ਨੇ ਉਨ੍ਹਾਂ ਨੂੰ ਪੁੱਛਿਆ, "ਜਦੋਂ* ਤੁਸੀਂ *ਵਿਸ਼ਵਾਸ ਕੀਤਾ ਤਾਂ ਕੀ* ਤੁਹਾਨੂੰ *ਪਵਿੱਤਰ ਆਤਮਾ ਮਿਲਿਆ?…*

151 ਹੁਣ, ਤੁਸੀਂ ਪਿਆਰੇ ਬੈਪਟਿਸਟ ਦੋਸਤ, ਕੀ ਇਹ ਤੁਹਾਡੇ ਧਰਮ ਗਿਆਨ ਦੇ—ਦੇ ਹੇਠਾਂ ਟੇਕ ਨੂੰ ਹਟਾ ਨਹੀਂ ਦਿੰਦਾ, ਜਦੋਂ ਤੁਸੀਂ ਕਿਹਾ "*ਜਦੋਂ* ਤੁਸੀਂ ਵਿਸ਼ਵਾਸ ਕੀਤਾ ਤਾਂ ਤੁਹਾਨੂੰ ਪਵਿੱਤਰ ਆਤਮਾ ਮਿਲਿਆ।"

152 ਪਰ ਪੌਲੁਸ ਇਨ੍ਹਾਂ ਬਪਤਿਸਮਾ ਦੇਣ ਵਾਲਿਆਂ ਨੂੰ ਪੁੱਛਣਾ ਚਾਹੁੰਦਾ ਸੀ, "ਜਦੋਂ ਤੋਂ ਤੁਸੀਂ ਵਿਸ਼ਵਾਸ ਕੀਤਾ ਹੈ ਕੀ ਤੁਹਾਨੂੰ ਪਵਿੱਤਰ ਆਤਮਾ ਮਿਲਿਆ ਹੈ?" ਹੁਣ ਦੇਖੋ ਉਹਨਾਂ ਨੇ ਕੀ ਕਿਹਾ:

> *...ਉਨ੍ਹਾਂ ਉਸ ਨੂੰ ਉੱਤਰ ਦਿੱਤਾ, ਅਸੀਂ* ਜਾਣਦੇ *ਵੀ ਨਹੀਂ...ਕਿ ਪਵਿੱਤਰ ਆਤਮਾ ਹੁੰਦਾ ਹੈ।*

> *ਅਤੇ ਉਸ ਨੇ ਉਨ੍ਹਾਂ ਨੂੰ ਕਿਹਾ, ਕਿਸ ਦਾ...*(ਹੁਣ, ਜੇਕਰ ਤੁਸੀਂ ਇੱਥੇ ਯੂਨਾਨੀ ਸ਼ਬਦਕੋਸ਼ ਲੈਣਾ ਚਾਹੁੰਦੇ ਹੋ, ਤਾਂ ਇਹ ਤੁਹਾਨੂੰ ਦਿਖਾਏਗਾ, "ਤੁਸੀਂ *ਕਿਵੇਂ* ਬਪਤਿਸਮਾ ਲਿਆ ਸੀ?")*...ਕਿਸ ਦਾ...*ਤੁਸੀਂ *ਬਪਤਿਸਮਾ* ਲਿਆ? *ਅਤੇ ਉਨ੍ਹਾਂ ਨੇ ਉਸ* ਨੂੰ ਕਿਹਾ, ਯੂਹੰਨਾ ਦੇ ਕੋਲੋਂ। ਯੁਹੰਨਾ ਨੇ ਸਾਨੂੰ ਬਪਤਿਸਮਾ ਦਿੱਤਾ।

153 ਹੁਣ ਮੈਂ ਪੁੱਛਣਾ ਚਾਹੁੰਦਾ ਹਾਂ: ਜੇ ਤੁਹਾਡੇ ਕੋਲ ਉਹ ਬਪਤਿਸਮਾ ਹੁੰਦਾ, ਤਾਂ ਕੀ ਤੁਸੀਂ ਇਸ ਤੋਂ ਸੰਤੁਸ਼ਟ ਹੁੰਦੇ? ਉਹੀ ਆਦਮੀ ਜੋ ਯਿਸੂ ਨੂੰ ਨਦੀ ਵਿੱਚ ਲੈ ਕੇ ਗਿਆ ਅਤੇ ਯਿਸੂ ਮਸੀਹ ਨੂੰ ਬਪਤਿਸਮਾ ਦਿੱਤਾ, ਉਸੇ ਆਦਮੀ ਨੇ ਇਹਨਾਂ ਲੋਕਾਂ ਨੂੰ ਵੀ ਬਪਤਿਸਮਾ ਦਿੱਤਾ ਸੀ। ਇਹ ਇੱਕ ਬਹੁਤ ਵਧੀਆ ਬਪਤਿਸਮਾ ਹੈ: ਨਾ ਛਿੜਕਣਾ, ਨਾ ਡੋਲ੍ਹਣਾ, ਪਰ ਉਸੇ ਜਗ੍ਹਾ ਤੇ ਪੁਰਾਣੇ ਚਿੱਕੜ ਵਾਲੇ ਯਰਦਨ ਵਿੱਚ ਡੁੱਬਕੀ ਨਾਲ ਜਿੱਥੇ ਯਿਸੂ ਨੇ ਬਪਤਿਸਮਾ ਲਿਆ ਸੀ। ਇਸ ਬਾਰੇ ਸੋਚੋ।

154 ਪੌਲੁਸ ਨੇ ਕਿਹਾ, "ਜਦੋਂ ਤੋਂ ਤੁਸੀਂ ਵਿਸ਼ਵਾਸ ਕੀਤਾ ਹੈ ਕੀ ਤੁਹਾਨੂੰ ਪਵਿੱਤਰ ਆਤਮਾ ਮਿਲਿਆ?" ਉਨ੍ਹਾਂ...ਉਹ...

ਓਹਨਾਂ ਨੇ ਕਿਹਾ, "ਅਸੀਂ ਜਾਣਦੇ ਵੀ ਨਹੀਂ...ਕਿ ਕੋਈ ਪਵਿੱਤਰ ਆਤਮਾ ਵੀ ਹੁੰਦਾ ਹੈ।"

ਉਸ ਨੇ ਕਿਹਾ, "ਤੁਸੀਂ ਬਪਤਿਸਮਾ ਕਿਵੇਂ ਲਿਆ ਸੀ?"

ਉਨ੍ਹਾਂ ਨੇ ਕਿਹਾ, "ਅਸੀਂ ਬਪਤਿਸਮਾ ਲਿਆ ਹੈ।"

"ਤੁਸੀਂ ਬਪਤਿਸਮਾ ਕਿਵੇਂ ਲਿਆ ਸੀ?"

"ਯੁਹੰਨਾ ਦਾ!"

155 ਹੁਣ ਦੇਖੋ ਪੌਲੁਸ ਨੇ ਕੀ ਕਿਹਾ। ਇੱਥੇ ਦੇਖੋ:

> *ਅਤੇ ਉਸ ਨੇ ਉਨ੍ਹਾਂ ਨੂੰ ਕਿਹਾ,...*ਤੁਹਾਡਾ ਬਪਤਿਸਮਾ-*...ਯੂਹੰਨਾ* ਦਾ...ਅਤੇ ਉਹ...

> *ਅਤੇ ਫਿਰ ਪੌਲੁਸ ਨੇ ਕਿਹਾ, ਯੂਹੰਨਾ ਨੇ ਜਿਹੜਾ ਬਪਤਿਸਮਾ ਦਿੱਤਾ ਸੀ...ਉਹ ਬਪ-...ਤੌਬਾ ਦਾ ਸੀ, ਲੋਕਾਂ ਨੂੰ...ਇਹ ਆਖਦਾ*

*ਸੀ, …ਉਹ ਉਸ ਉੱਤੇ ਨਿਹਚਾ ਕਰਨ ਜੋ ਉਸਦੇ ਮਗਰੋਂ ਆਉਣ ਵਾਲਾ ਹੈ, ਅਰਥਾਤ,* ਯਿਸੂ ਮਸੀਹ ਉੱਤੇ।

156 ਵੇਖੋ, ਯੂਹੰਨਾ ਨੇ ਸਿਰਫ਼ ਤੋਬਾ ਦਾ ਬਪਤਿਸਮਾ ਦਿੱਤਾ, ਪਰ ਯਿਸੂ ਦੇ ਨਾਮ ਵਿੱਚ ਪਾਣੀ ਦਾ ਬਪਤਿਸਮਾ ਪਾਪਾਂ ਦੀ ਮਾਫ਼ੀ ਲਈ ਹੈ। ਉਦੋਂ ਪ੍ਰਾਸਚਿਤ ਨਹੀਂ ਕੀਤਾ ਗਿਆ ਸੀ, ਪਾਪ ਮਾਫ਼ ਨਹੀਂ ਕੀਤੇ ਜਾ ਸਕਦੇ ਸਨ। ਹੁਣ…ਇਹ ਕੇਵਲ ਇੱਕ ਅੰਤਹਕਰਨ ਦਾ ਉੱਤਰ ਸੀ, ਜਿਵੇਂ ਸ਼ਰਾ ਦੇ ਅਧੀਨ ਸੀ। ਲੂਕਾ 16:16, ਨੇ ਕਿਹਾ, "ਬਿਵਸਥਾ ਅਤੇ ਨਬੀ ਯੂਹੰਨਾ ਤੱਕ ਸਨ, ਉਸ ਸਮੇਂ ਤੋਂ ਪਰਮੇਸ਼ਰ ਦੇ ਰਾਜ ਦੀ ਖੁਸ਼ਖ਼ਬਰੀ ਸੁਣਾਈ ਜਾ ਰਹੀ ਹੈ।" ਹੁਣ ਵੇਖੋ। ਅਤੇ…ਵੇਖੋ।

ਅਤੇ ਪੌਲੁਸ ਨੇ *ਉਨ੍ਹਾਂ ਨੂੰ ਕਿਹਾ-…*(ਹੁਣ ਵੇਖੋ)…*ਕੀ* ਤੁਹਾਨੂੰ *ਮਿਲਿਆ…*

157 5ਵੀਂ—5ਵੀਂ ਆਇਤ:

ਅਤੇ *ਜਦ ਉਨ੍ਹਾਂ ਨੇ ਇਹ ਸੁਣਿਆ, ਤਾਂ ਉਨ੍ਹਾਂ ਨੂੰ…*ਯਿਸੂ ਮਸੀਹ *ਦੇ ਨਾਮ ਵਿੱਚ* (ਦੁਬਾਰਾ) *ਬਪਤਿਸਮਾ ਦਿੱਤਾ ਗਿਆ।*

158 ਕੀ ਇਹ ਸਹੀ ਹੈ? ਫਿਰ ਇਨ੍ਹਾਂ ਲੋਕਾਂ ਨੂੰ, ਜਿਹੜੇ ਲੋਕ ਰਸੂਲਾਂ ਦੇ ਕਰਤੱਬ 2 ਵਿੱਚ ਸਨ, ਉਨ੍ਹਾਂ ਨੂੰ ਯਿਸੂ ਦੇ ਨਾਮ ਵਿੱਚ ਬਪਤਿਸਮਾ ਦਿੱਤਾ ਗਿਆ। ਯਹੂਦੀਆਂ ਨੂੰ ਯਿਸੂ ਦੇ ਨਾਮ ਵਿੱਚ ਬਪਤਿਸਮਾ ਦਿੱਤਾ ਗਿਆ ਸੀ। ਪਰਾਈਆਂ ਕੌਮਾਂ ਨੂੰ ਯਿਸੂ ਦੇ ਨਾਮ ਵਿੱਚ ਬਪਤਿਸਮਾ ਦਿੱਤਾ ਗਿਆ। ਅਤੇ ਸਾਰੀ ਬਾਈਬਲ ਵਿੱਚ ਹਰ ਵਿਅਕਤੀ ਨੂੰ ਯਿਸੂ ਦੇ ਨਾਮ ਵਿੱਚ ਬਪਤਿਸਮਾ ਦਿੱਤਾ ਗਿਆ ਸੀ।

159 ਹੁਣ ਇੱਕ ਜਗ੍ਹਾ ਲੱਭੋ ਜਿੱਥੇ ਕਿਸੇ ਨੂੰ ਕਦੇ ਕਿਸੇ ਹੋਰ ਤਰੀਕੇ ਨਾਲ ਬਪਤਿਸਮਾ ਦਿੱਤਾ ਗਿਆ ਸੀ, ਅਤੇ ਮੈਂ ਇੱਥੇ ਵਾਪਸ ਜਾਵਾਂਗਾ ਅਤੇ ਤੁਹਾਨੂੰ ਦਿਖਾਵਾਂਗਾ ਕਿ ਕੈਥੋਲਿਕ ਕਲੀਸਿਯਾ ਕਿੱਥੇ ਇਸ ਨੂੰ ਸਵੀਕਾਰ ਕਰਦੀ ਹੈ, ਅਤੇ ਕਹਿੰਦੀ ਹੈ ਕਿ ਤੁਸੀਂ ਇਸ ਦੇ ਲਈ ਝੁਕ ਜਾਓ। ਅਤੇ ਕਿਹਾ, "ਹੋ ਸਕਦਾ ਹੈ ਕਿ ਕੁਝ ਪ੍ਰੋਟੈਸਟੈਂਟ ਬਚਾਏ ਜਾਣ ਕਿਉਂਕਿ ਉਨ੍ਹਾਂ ਕੋਲ ਕੈਥੋਲਿਕ ਸਿਧਾਂਤਾਂ ਵਿੱਚੋਂ ਕੁਝ ਹਨ, ਜਿਵੇਂ 'ਪਿਤਾ, ਪੁੱਤਰ, ਅਤੇ ਪਵਿੱਤਰ ਆਤਮਾ' ਦੇ ਨਾਮ ਵਿੱਚ ਬਪਤਿਸਮਾ; ਇਹ ਕਿ ਪਵਿੱਤਰ ਕੈਥੋਲਿਕ ਕਲੀਸਿਯਾ ਕੋਲ ਅਧਿਕਾਰ ਹੈ ਕਿ ਉਸ ਰਸਮ ਨੂੰ ਯਿਸੂ ਦੇ ਨਾਮ ਤੋਂ ਬਦਲ ਕੇ, 'ਪਿਤਾ, ਪੁੱਤਰ, ਅਤੇ ਪਵਿੱਤਰ ਆਤਮਾ' ਕਰੇ, ਅਤੇ ਪ੍ਰੋਟੈਸਟੈਂਟ ਕਲੀਸਿਯਾ ਇਸ ਨੂੰ ਸਵੀਕਾਰ ਕਰਦੀ ਹੈ।" ਇਹ ਨਹੀਂ ਕਰਦੀ, ਮੈਂ ਬਾਈਬਲ ਦੇ ਨਾਲ ਰਹਿੰਦਾ ਹਾਂ। ਮੈਂ ਬਾਈਬਲ ਵਿੱਚ ਵਿਸ਼ਵਾਸ ਕਰਦਾ ਹਾਂ।

160 ਤੁਸੀ ਕਹਿੰਦੇ ਹੋ, "ਭਾਈ ਬ੍ਰਨਹਾਮ, ਕੀ ਤੁਸੀਂ ਲੋਕਾਂ ਨੂੰ ਦੁਬਾਰਾ ਬਪਤਿਸਮਾ ਲੈਣ ਦਾ ਹੁਕਮ ਦਿੰਦੇ ਹੋ?" ਬਿਲਕੁਲ! ਪੌਲੁਸ ਨੇ ਇੱਥੇ, ਇਹੀ ਕੀਤਾ ਸੀ।

161 ਹੁਣ ਦੇਖੋ, ਆਓ ਗਲਾਤੀਆਂ 1:8 ਨੂੰ ਲੈਂਦੇ ਹਾਂ, ਅਤੇ ਪਤਾ ਕਰੀਏ ਕਿ ਪੌਲੁਸ ਨੇ ਕੀ ਕਿਹਾ ਸੀ:

> *...ਭਾਵੇਂ ਅਸੀਂ, ਜਾਂ ਸਵਰਗ ਤੋਂ ਕੋਈ ਦੂਤ, ਉਸ ਖੁਸ਼ਖਬਰੀ ਤੋਂ ਬਿਨਾ ਜਿਹੜੀ ਅਸਾਂ ਤੁਹਾਨੂੰ ਸੁਣਾਈ ਸੀ, ਕੋਈ ਹੋਰ ਖੁਸ਼ ਖਬਰੀ ਤੁਹਾਨੂੰ ਸੁਣਾਵੇ...ਤਾਂ ਉਹ ਸਰਾਪਤ ਹੋਵੇ।*

162 ਉਥੇ ਤੁਸੀਂ ਹੋ, "ਜੇਕਰ ਅਸੀਂ ਜਾਂ ਕੋਈ ਦੂਤ।" ਅਤੇ ਪੌਲੁਸ, ਉਸੇ ਆਦਮੀ ਨੇ, ਲੋਕਾਂ ਨੂੰ ਦੁਬਾਰਾ ਬਪਤਿਸਮਾ ਲੈਣ ਦਾ ਹੁਕਮ ਦਿੱਤਾ, ਜਿਨ੍ਹਾਂ ਕੋਲ ਤੁਹਾਡੇ ਨਾਲੋਂ ਬਹੁਤ ਵਧੀਆ ਬਪਤਿਸਮਾ ਸੀ, ਮੇਰੇ ਭਾਈ; ਕਿਉਂਕਿ ਯੂਹੰਨਾ ਬਪਤਿਸਮਾ ਦੇਣ ਵਾਲਾ ਯਿਸੂ ਦਾ ਆਪਣਾ ਚਚੇਰਾ ਭਰਾ, ਦੂਜਾ ਚਚੇਰਾ ਭਰਾ ਸੀ; ਜਰਦਨ ਨਦੀ ਵਿੱਚ ਆਪਣੇ ਚਚੇਰੇ ਭਰਾ ਨੂੰ ਬਪਤਿਸਮਾ ਦਿੰਦਾ ਹੋਇਆ, ਅਤੇ ਸਿੱਧਾ ਪਿੱਛੇ ਮੁੜਿਆ ਅਤੇ ਯੂਹੰਨਾ ਦੇ ਚੇਲਿਆਂ ਨੂੰ ਬਪਤਿਸਮਾ ਦਿੱਤਾ। ਅਤੇ ਯਿਸੂ ਨੇ ਕਿਹਾ, "ਉਹ ਕੰਮ ਨਹੀਂ ਕਰੇਗਾ!" ਜਾਂ ਪੌਲੁਸ ਨੇ ਇਹ ਕਿਹਾ ਸੀ, ਅਤੇ ਉਨ੍ਹਾਂ ਨੂੰ ਪਹਿਲਾਂ ਯਿਸੂ ਮਸੀਹ ਦੇ ਨਾਮ ਵਿੱਚ ਦੁਬਾਰਾ ਬਪਤਿਸਮਾ ਲੈਣ ਦਾ ਹੁਕਮ ਦਿੱਤਾ ਤਾਂ ਜੋ ਉਹ ਪਵਿੱਤਰ ਆਤਮਾ ਪ੍ਰਾਪਤ ਕਰਨ; ਜਦੋਂ ਉਹ ਰੌਲਾ ਪਾ ਰਹੇ ਸਨ ਅਤੇ ਪਰਮੇਸ਼ੁਰ ਦੀ ਉਸਤਤਿ ਕਰ ਰਹੇ ਸਨ ਅਤੇ ਇੱਕ ਵਧੀਆ ਸਮਾਂ ਬਿਤਾ ਰਹੇ ਸਨ, ਇੱਕ ਮਹਾਨ—ਮਹਾਨ ਬੇਦਾਰੀ ਮਨਾ ਰਹੇ ਸਨ, ਅਤੇ ਬਾਈਬਲ ਦੁਆਰਾ ਸਾਬਤ ਕਰ ਰਹੇ ਸਨ (ਉਨ੍ਹਾਂ ਦੇ ਧਰਮ ਸ਼ਾਸਤਰ ਨਾਲ) ਕਿ ਯਿਸੂ ਹੀ ਮਸੀਹ ਸੀ। ਕਿੰਨੇ ਜਾਣਦੇ ਹਨ ਕਿ ਇਹ ਵਚਨ ਹੈ? 18ਵਾਂ ਅਧਿਆਇ। ਯਕੀਨਨ ਇਹ ਹੈ। ਉਥੇ ਤੁਸੀਂ ਹੋ। ਇਸ ਲਈ ਇਸ ਤੇ ਕੋਈ ਸਵਾਲ ਨਹੀਂ ਹੈ।

163 ਹੁਣ ਮੈਂ ਤੁਹਾਨੂੰ ਇੱਕ ਛੋਟੀ ਜਿਹੀ ਮੁੱਖ ਗੱਲ ਦੱਸਦਾ ਹਾਂ। ਹੁਣ, ਉਹ ਕਦੇ ਵੀ ਕਾਇਦੇ ਤੋਂ ਬਾਹਰ ਨਹੀਂ ਗਿਆ, ਪਰ ਲੂਕਾ ਵਿੱਚ...ਮੱਤੀ, 16ਵਾਂ ਅਧਿਆਇ। ਯਿਸੂ, ਜਦੋਂ ਉਹ ਪਹਾੜ ਤੋਂ ਹੇਠਾਂ ਆਉਂਦੇ ਹਨ, ਉਹ ਕਹਿੰਦਾ ਹੈ, "ਲੋਕ ਕੀ ਕਹਿੰਦੇ ਹਨ ਕਿ ਮੈਂ ਮਨੁੱਖ ਦਾ ਪੁੱਤਰ ਕੌਣ ਹਾਂ?"

164 "ਕਈ ਕਹਿੰਦੇ ਹਨ ਕਿ ਤੂੰ 'ਏਲੀਯਾਹ' ਹੈਂ, ਅਤੇ ਕਈ ਕਹਿੰਦੇ ਹਨ ਕਿ ਤੂੰ 'ਨਬੀਆਂ' ਵਿੱਚੋਂ ਕੋਈ, ਅਤੇ ਕਈ ਕਹਿੰਦੇ ਹਨ ਇਹ, ਤੂੰ '*ਇਹ, ਉਹ*' ਹੈਂ।"

165 ਉਸ ਨੇ ਕਿਹਾ, "ਪਰ ਤੁਸੀਂ ਕੀ ਕਹਿੰਦੇ ਹੋ?"

166 ਪਤਰਸ ਨੇ ਕਿਹਾ, "ਤੂੰ ਮਸੀਹ, ਜਿਉਂਦੇ ਪਰਮੇਸ਼ੁਰ ਦਾ ਪੁੱਤਰ ਹੈਂ।"

167 ਵੇਖੋ! "ਧੰਨ ਹੈਂ ਤੂੰ, ਸ਼ਮਊਨ ਬਰ-ਯੋਨਾਹ (ਯੋਨਾਹ ਦੇ ਪੁੱਤਰ) ਕਿਉਂ ਜੋ ਸਰੀਰ ਅਤੇ ਲਹੂ ਨੇ ਇਹ ਤੇਰੇ ਤੇ ਪ੍ਰਗਟ ਨਹੀਂ ਕੀਤਾ।" ਆਮੀਨ!

168 ਵੇਖੋ, ਇਸ ਦਾ ਇੱਕ ਆਤਮਿਕ ਪ੍ਰਕਾਸ਼ਣ ਆਉਣਾ ਹੀ ਹੈ। ਲਹੂ ਅਤੇ ਮਾਸ ਨੇ ਕਦੇ ਹਾਬਲ ਨੂੰ ਨਹੀਂ ਦੱਸਿਆ ਕਿ ਉਹ ਗਲਤ ਸੀ (ਕਾਇਨ ਨੂੰ, ਕਿ ਉਹ ਗਲਤ ਸੀ), ਹਾਬਲ ਨੂੰ ਕਦੇ ਨਹੀਂ ਦੱਸਿਆ ਕਿ "ਕਾਇਨ ਗਲਤ ਸੀ।" ਪਰ ਇਹ ਇੱਕ ਪ੍ਰਕਾਸ਼ਣ ਸੀ ਜੋ ਹਾਬਲ ਕੋਲ ਸੀ, "ਇਹ ਲਹੂ ਸੀ!" ਅਸੀਂ ਕੁਝ ਮਿੰਟਾਂ ਵਿੱਚ ਇਸ ਪ੍ਰਸ਼ਨ ਤੇ ਆ ਰਹੇ ਹਾਂ। ਇਹ ਲਹੂ ਸੀ, ਫਲ ਨਹੀਂ, ਜੋ ਸਾਨੂੰ ਅਦਨ ਦੇ ਬਾਗ਼ ਵਿੱਚੋਂ ਬਾਹਰ ਲੈ ਗਿਆ ਸੀ। "ਇਹ ਲਹੂ ਸੀ," ਅਤੇ ਹਾਬਲ ਨੂੰ, ਆਤਮਿਕ ਪ੍ਰਕਾਸ਼ਣ ਦੁਆਰਾ, ਪਰਮੇਸ਼ੁਰ ਦੁਆਰਾ ਪ੍ਰਗਟ ਕੀਤਾ ਗਿਆ ਸੀ ਕਿ ਇਹ ਲਹੂ ਸੀ, ਅਤੇ ਉਸ ਨੇ, "ਵਿਸ਼ਵਾਸ ਨਾਲ," ਇਬਰਾਨੀਆਂ 11:1 ਕਹਿੰਦੀ ਹੈ, "ਉਸ ਨੇ ਪਰਮੇਸ਼ੁਰ ਨੂੰ ਕਾਇਨ ਨਾਲੋਂ ਉੱਤਮ ਬਲੀਦਾਨ ਚੜ੍ਹਾਇਆ। ਜਿਸ ਨੂੰ, ਪਰਮੇਸ਼ੁਰ ਨੇ ਉਸਦੇ ਬਲੀਦਾਨ ਨੂੰ ਸਵੀਕਾਰ ਕਰ ਲਿਆ।" ਉਥੇ ਤੁਸੀਂ ਹੋ। ਵੇਖੋ, ਉਸਨੇ ਵਿਸ਼ਵਾਸ ਦੁਆਰਾ, ਪ੍ਰਕਾਸ਼ਣ ਦੁਆਰਾ ਭੇਂਟ ਚੜ੍ਹਾਈ।

169 ਹੁਣ ਦੇਖੋ, "ਲਹੂ ਅਤੇ ਮਾਸ ਨੇ ਇਸ ਨੂੰ ਤੇਰੇ ਤੇ ਪ੍ਰਗਟ ਨਹੀਂ ਕੀਤਾ," (ਸਿੱਧਾ ਪ੍ਰਭੂ ਯਿਸੂ ਦੇ ਕੋਲ) "ਪਰ ਮੇਰੇ ਪਿਤਾ ਨੇ ਜੋ ਸਵਰਗ ਵਿੱਚ ਹੈ ਇਸ ਨੂੰ ਤੇਰੇ ਤੇ ਪ੍ਰਗਟ ਕੀਤਾ ਹੈ। ਅਤੇ ਇਸ ਚੱਟਾਨ ਉੱਤੇ (ਯਿਸੂ ਮਸੀਹ ਦੇ ਪ੍ਰਕਾਸ਼ਣ ਉੱਤੇ)…ਇਸ ਚੱਟਾਨ ਉੱਤੇ ਮੈਂ ਆਪਣੀ ਕਲੀਸਿਯਾ ਬਣਾਵਾਂਗਾ, ਅਤੇ ਪਤਾਲ ਦੇ ਫਾਟਕਾਂ ਦਾ ਉਹ ਦੇ ਉੱਤੇ ਕੁਝ ਵੱਸ ਨਾ ਚੱਲੇਗਾ।" ਇਹੀ ਹੈ ਜੋ ਉਸਨੇ ਕਿਹਾ ਸੀ। ਆਤਮਿਕ ਪ੍ਰਕਾ-…"ਮੈਂ ਵੀ ਤੈਨੂੰ ਕਹਿੰਦਾ ਹਾਂ ਕਿ ਤੂੰ ਪਤਰਸ ਹੈਂ, ਅਤੇ ਮੈਂ ਤੈਨੂੰ ਸਵਰਗ ਦੇ ਰਾਜ ਦੀਆਂ ਕੁੰਜੀਆਂ ਦਿਆਂਗਾ। ਅਤੇ ਜੋ ਵੀ…ਕਿਉਂਕਿ ਤੇਰੇ ਕੋਲ ਇੱਥੇ ਅਤੇ ਸਵਰਗ ਦੇ ਵਿਚਕਾਰ ਇੱਕ ਖੁੱਲਾ ਹੋਇਆ ਆਤਮਿਕ ਰਾਹ ਹੈ। ਲਹੂ ਅਤੇ ਮਾਸ ਨੇ: ਤੂੰ ਕਦੇ ਧਰਮ ਸ਼ਾਸਤਰ ਦੇ ਸੰਸਥਾਨ ਵਿੱਚ ਨਹੀਂ ਗਿਆ, ਤੂੰ ਕਦੇ ਸਕੂਲ ਵਿੱਚ ਪੜ੍ਹਾਈ ਨਹੀਂ ਕੀਤੀ, ਤੂੰ ਕਦੇ ਧਰਮ ਸ਼ਾਸਤਰ ਦਾ ਕੋਈ—ਕੋਈ—ਕੋਈ ਕੋਰਸ ਨਹੀਂ ਕੀਤਾ। ਪਰ ਤੂੰ ਪਰਮੇਸ਼ੁਰ ਤੇ ਨਿਰਭਰ ਸੀ, ਅਤੇ ਪਰਮੇਸ਼ੁਰ ਨੇ ਤੇਰੇ ਤੇ ਇਹ ਪ੍ਰਗਟ ਕੀਤਾ, ਅਤੇ ਇਹ ਬਿਲਕੁਲ ਸਪੱਸ਼ਟ ਵਚਨ ਹਨ ਜੋ ਇਸਨੂੰ ਜੋੜਦੇ ਹਨ। ਮੈਂ ਕਹਿੰਦਾ ਹਾਂ ਕਿ ਤੂੰ ਪਤਰਸ ਹੈਂ, ਇਹ ਸਹੀ ਹੈ, ਅਤੇ ਮੈਂ ਤੈਨੂੰ ਸਵਰਗ ਦੇ ਰਾਜ ਦੀਆਂ ਕੁੰਜੀਆਂ ਦਿਆਂਗਾ; ਅਤੇ ਜੋ ਕੁਝ ਤੂੰ ਧਰਤੀ ਉੱਤੇ ਬੰਨ੍ਹੇਂਗਾ, ਮੈਂ ਉਸ ਨੂੰ ਸਵਰਗ ਵਿੱਚ ਬੰਨ੍ਹ ਦਿਆਂਗਾ; ਅਤੇ ਜੋ ਕੁਝ ਤੂੰ ਧਰਤੀ ਉੱਤੇ ਖੋਲ੍ਹੇਂਗਾ; ਮੈਂ ਉਸ ਨੂੰ ਸਵਰਗ

ਵਿੱਚ ਖੋਲ੍ਹ ਦਿਆਂਗਾ।"

170 ਅਤੇ ਪਤਰਸ ਪੰਤੇਕੁਸਤ ਦੇ ਦਿਨ ਦਾ ਬੁਲਾਰਾ ਸੀ, ਜਦੋਂ ਉਹ ਸਾਰੇ ਬੋਲਣ ਤੋਂ ਡਰਦੇ ਸਨ, ਉਹ ਬੋਲਿਆ ਅਤੇ ਕਿਹਾ, "ਹੇ ਯਹੂਦਿਯਾ ਦੇ ਲੋਕੋ ਅਤੇ ਯਰੂਸ਼ਲਮ ਦੇ ਸਭ ਰਹਿਣ ਵਾਲਿਓ, ਇਹ ਗੱਲ ਨੂੰ ਤੁਸੀਂ ਜਾਣੋ ਅਤੇ ਕੰਨ ਲਾ ਕੇ ਮੇਰੀਆਂ ਗੱਲਾਂ ਸੁਣੋ। ਕਿ ਏਹ ਜਿਵੇਂ ਤੁਸੀਂ ਸਮਝਦੇ ਹੋ ਨਸ਼ੇ ਵਿੱਚ ਨਹੀਂ ਹਨ, ਕਿਉਂ ਜੋ ਅਜੇ ਪਹਿਰ ਦਿਨ ਚੜ੍ਹਿਆ ਹੈ, ਪਰ ਏਹ ਉਹ ਗੱਲ ਹੈ ਜੋ ਯੋਏਲ ਨਬੀ ਦੀ ਜਬਾਨੀ ਕਹੀ ਗਈ ਸੀ। 'ਅੰਤ ਦੇ ਦਿਨਾਂ ਵਿੱਚ ਐਉਂ ਹੋਵੇਗਾ,' ਪਰਮੇਸ਼ੁਰ ਕਹਿੰਦਾ ਹੈ, 'ਜੋ ਮੈਂ ਆਪਣੇ ਆਤਮਾ ਵਿੱਚੋਂ ਸਾਰੇ ਸਰੀਰਾਂ ਉੱਤੇ ਵਹਾ ਦਿਆਂਗਾ। ਅਤੇ ਤੁਹਾਡੇ ਪੁੱਤ੍ਰ ਅਤੇ ਤੁਹਾਡੀਆਂ ਧੀਆਂ ਅਗੰਮਵਾਕ ਕਰਨਗੇ। ਮੈਂ ਆਪਣੇ ਦਾਸਾਂ, ਅਤੇ ਦਾਸੀਆਂ ਉੱਤੇ, ਆਪਣੇ ਆਤਮਾ ਵਿੱਚੋਂ ਵਹਾ ਦਿਆਂਗਾ। ਅਤੇ ਮੈਂ ਉਤਾਹਾਂ ਅਕਾਸ਼ ਵਿੱਚ ਅਚੰਭੇ, ਅਤੇ ਹੇਠਾਂ ਧਰਤੀ ਉੱਤੇ ਨਿਸ਼ਾਨ, ਲਹੂ ਅਤੇ ਅਗਨ ਅਤੇ ਧੂੰਏ ਦੇ ਬੱਦਲ ਵਿਖਾਵਾਂਗਾ। ਪ੍ਰਭੁ ਦੇ ਵੱਡੇ ਤੇ ਪਰਸਿੱਧ ਦਿਨ ਦੇ ਆਉਣ ਤੋਂ ਪਹਿਲਾਂ ਇਹ ਹੋਵੇਗਾ, ਕਿ ਹਰੇਕ ਜਿਹੜਾ ਪ੍ਰਭੁ ਦਾ ਨਾਮ ਲਵੇਗਾ ਸੋਈ ਬਚਾਇਆ ਜਾਵੇਗਾ।'" ਉੱਥੇ ਹੋ ਤੁਸੀਂ। ਔਹ, ਮੇਰੇ।

171 "ਮੈਂ ਘਰਾਣੇ ਦੇ ਸਰਦਾਰ ਦਾਊਦ ਦੇ ਵਿਖੇ ਤੁਹਾਨੂੰ ਬੇਧੜਕ ਕਹਿ ਸੱਕਦਾ ਹਾਂ," ਉਸਨੇ ਕਿਹਾ, "ਉਹ ਤਾਂ ਮੋਇਆ ਅਤੇ ਦੱਬਿਆ ਵੀ ਗਿਆ, ਅਤੇ ਉਹ ਦੀ ਕਬਰ ਅੱਜ ਤੀਕ ਸਾਡੇ ਵਿੱਚ ਹੈ। ਇਸ ਲਈ, ਇੱਕ ਨਬੀ ਹੋਣ ਕਰਕੇ, ਉਸ ਨੇ ਦੇਖਿਆ...ਉਸ ਨੂੰ ਆਪਣੇ ਸੱਜੇ ਹੱਥ ਬੈਠੇ ਵੇਖਿਆ, 'ਅਤੇ ਮੈਂ ਨਾ ਡੋਲਾਂਗਾ। ਏਥੋਂ ਤੱਕ ਮੇਰਾ ਸਰੀਰ ਵੀ ਚੈਨ ਵਿੱਚ ਵੱਸੇਗਾ ਕਿਉਂਕਿ ਉਹ ਮੇਰੀ ਜਾਨ ਨੂੰ ਪਤਾਲ ਵਿੱਚ ਨਹੀਂ ਛੱਡੇਗਾ, ਨਾ ਆਪਣੇ ਪਵਿੱਤਰ ਪੁਰਖ ਨੂੰ ਸੜਨ ਦੇਵੇਂਗਾ।'"

172 "ਅਤੇ ਦਾਊਦ ਤਾਂ ਮਰ ਗਿਆ," ਉਸ ਨੇ ਕਿਹਾ, "ਅਤੇ ਦਫ਼ਨਾਇਆ ਵੀ ਗਿਆ, ਅਤੇ ਉਸਦੀ ਕਬਰ ਅੱਜ ਤੀਕ ਸਾਡੇ ਵਿੱਚ ਹੈ। ਪਰ ਇੱਕ ਨਬੀ ਹੋਣ ਦੇ ਕਰਕੇ, ਉਸਨੇ ਇੱਕ ਧਰਮੀ ਪੁਰਖ ਦੇ ਆਉਣ ਦੀ ਭਵਿੱਖਬਾਣੀ ਕੀਤੀ, ਜਿਸਨੂੰ ਪਰਮੇਸ਼ੁਰ ਨੇ ਪ੍ਰਭੂ ਅਤੇ ਮਸੀਹ ਦੋਵੇਂ ਬਣਾਇਆ।" ਔਹ, ਮੇਰੇ। ਉੱਥੇ ਤੁਹਾਡੇ ਵਚਨ ਹਨ। ਉੱਥੇ ਉਹ ਗੱਲ ਹੈ। ਇਹ ਹੀ ਗੱਲ ਹੈ।

173 ਹੁਣ ਸਾਨੂੰ ਇੱਥੇ ਪਤਾ ਲੱਗਦਾ ਹੈ, ਤਦ, ਸਹੀ ਤਰੀਕਾ, ਅਤੇ ਅਸਲ ਤਰੀਕਾ, ਅਤੇ ਇੱਕੋ ਇੱਕ ਤਰੀਕਾ ਜੋ ਕਦੇ ਠਹਿਰਾਇਆ ਗਿਆ ਸੀ...ਅਤੇ ਪਤਰਸ ਕੋਲ ਕੁੰਜੀਆਂ ਸਨ, ਅਤੇ ਜਿਸ ਦਿਨ ਉਸਨੇ ਪ੍ਰਚਾਰ ਕੀਤਾ, ਉਨ੍ਹਾਂ ਨੇ ਕਿਹਾ...ਹੁਣ ਦੇਖੋ, ਇੱਥੇ ਪਹਿਲੀ ਕਲੀਸਿਯਾ ਹੈ। ਤੁਸੀਂ ਕੈਥੋਲਿਕ ਲੋਕ ਇਸ

ਨੂੰ ਸੁਣੋ। ਤੁਸੀਂ ਕੈਂਪਬੇਲ ਲੋਕ ਇਸ ਨੂੰ ਸੁਣੋ। ਤੁਸੀਂ ਬੈਪਟਿਸਟ ਅਤੇ ਮੈਥੋਡਿਸਟ ਇਸ ਨੂੰ ਸੁਣੋ। ਅਤੇ ਤੁਸੀਂ ਪੇਂਟੇਕੋਸਟਲ ਲੋਕੋ ਇਸ ਨੂੰ ਸੁਣੋ। ਚਰਚ ਆਫ਼ ਗੌਡ, ਨਾਜ਼ਰੀਨ, ਪਿਲਗ੍ਰੀਮ ਹੋਲੀਨੇਸ, ਇਸ ਨੂੰ ਸੁਣ ਲਵੋ।

174 ਪਤਰਸ ਕੋਲ ਕੁੰਜੀਆਂ ਸਨ, ਅਤੇ ਉਸ ਕੋਲ ਅਧਿਕਾਰ ਸੀ, ਜਾਂ ਯਿਸੂ ਨੇ ਝੂਠ ਬੋਲਿਆ ਸੀ। ਅਤੇ ਉਸਦੇ ਲਈ ਝੂਠ ਬੋਲਣਾ ਅਸੰਭਵ ਹੈ, "ਦੋ ਚੀਜ਼ਾਂ ਅਟੱਲ ਹਨ, ਪਰਮੇਸ਼ੁਰ ਲਈ ਝੂਠ ਬੋਲਣਾ ਅਸੰਭਵ ਹੈ।" ਉਸ ਕੋਲ ਕੁੰਜੀਆਂ ਸਨ। ਯਿਸੂ ਨੇ ਉਸਨੂੰ ਕੁੰਜੀਆਂ ਦਿੱਤੀਆਂ ਸਨ। ਜਦੋਂ ਉਹ ਇਸ ਤਰ੍ਹਾਂ ਤੀਜੇ ਦਿਨ ਨੂੰ—ਨੂੰ ਜੀ ਉੱਠਿਆ, ਉਸ ਕੋਲ ਮੌਤ, ਅਤੇ ਪਤਾਲ ਦੀਆਂ ਕੁੰਜੀਆਂ ਸਨ, ਪਰ ਉਸ ਕੋਲ ਸਵਰਗ ਰਾਜ ਦੀਆਂ ਕੁੰਜੀਆਂ ਨਹੀਂ ਸਨ। ਇਹ ਪਤਰਸ ਕੋਲ ਸਨ! ਇਹ ਬਿਲਕੁਲ ਸਹੀ ਹੈ।

175 ਅਤੇ ਹੁਣ ਦੇਖੋ, ਪਤਰਸ, ਤੇਰੇ ਕੋਲ ਕੁੰਜੀਆਂ ਲਟਕ ਰਹੀਆਂ ਹਨ, ਅਤੇ ਤੂੰ ਪ੍ਰਚਾਰ ਕਰ ਰਿਹਾ ਹੈਂ। ਸਵਾਲ ਆਉਂਦਾ ਹੈ, ਨਵੀਂ ਕਲੀਸਿਯਾ ਦੇ ਪਹਿਲੇ ਲੋਕ ਜੋ ਬਦਲੇ ਗਏ ਸਨ। ਅਗੇਤਰੀ ਮਸੀਹੀ ਕਲੀਸਿਯਾ। ਹੁਣ ਕੈਥੋਲਿਕ, ਹੁਣ ਬੈਪਟਿਸਟ, ਮੈਥੋਡਿਸਟ, ਪ੍ਰੈਸਬੀਟੇਰੀਅਨ, ਕੀ ਤੁਸੀਂ ਨਵੀਂ ਕਲੀਸਿਯਾ ਦੇ ਸਿਧਾਂਤ ਤੇ ਹੋ? ਜੇ ਤੁਸੀਂ ਹੋ ਤਾਂ ਪਤਾ ਲਗਾਓ।

> …ਪੁਰਖੋ *ਅਤੇ ਭਰਾਵੋ, ਅਸੀਂ ਕੀ ਕਰ ਸਕਦੇ ਹਾਂ?*
>
> *…ਪਤਰਸ* ਖੜ੍ਹਾ ਹੋਇਆ ਅਤੇ *ਬੋਲਿਆ…ਤੋਬਾ ਕਰੋ,…ਤੁਹਾਡੇ ਵਿੱਚੋਂ ਹਰ ਇੱਕ…* (ਧਿਆਨ ਨਾਲ, ਲੜਕੇ; ਜਿਸ ਤਰ੍ਹਾਂ ਤੂੰ ਉਨ੍ਹਾਂ ਕੁੰਜੀਆਂ ਨੂੰ ਇੱਥੇ ਰੱਖੇਂਗਾ, ਮਸੀਹ ਉਸੇ ਤਰ੍ਹਾਂ ਇਸਨੂੰ ਸਵਰਗ ਵਿੱਚ ਰੱਖੇਗਾ) *…ਤੋਬਾ ਕਰੋ*, ਤੁਹਾਡੇ ਵਿੱਚੋਂ ਹਰ ਇੱਕ, ਅਤੇ *ਯਿਸੂ ਮਸੀਹ ਦੇ ਨਾਮ ਵਿੱਚ* ਬਪਤਿਸਮਾ ਲਓ…(ਇਸੇ ਹੀ ਤਰ੍ਹਾਂ ਤੁਸੀਂ ਇਸ ਵਿੱਚ ਆਉਂਦੇ ਹੋ) *…ਆਪਣੇ ਪਾਪਾਂ ਦੀ ਮਾਫ਼ੀ ਦੇ ਲਈ,* ਤਾਂ ਤੁਸੀਂ *ਪਵਿੱਤਰ ਆਤਮਾ ਦਾ ਦਾਨ ਪਾਓਗੇ।*

176 ਕੁੰਜੀਆਂ "ਕਲਿੱਕ" ਕਰਕੇ ਇੱਥੇ ਘੁੰਮਾਈਆਂ, ਅਤੇ ਇਹ "ਕਲਿੱਕ" ਕਰਕੇ ਉੱਥੇ ਘੁੰਮਾਈਆਂ। ਇਹੀ ਕਾਰਨ ਹੈ ਕਿ ਯੂਹੰਨਾ ਦੇ ਚੇਲਿਆਂ ਨੂੰ, ਯਿਸੂ ਮਸੀਹ ਦੇ ਨਾਮ ਵਿੱਚ ਦੁਬਾਰਾ ਬਪਤਿਸਮਾ ਲੈਣਾ ਪਿਆ (ਇਸ ਤੋਂ ਪਹਿਲਾਂ ਕਿ ਉਹ ਸਵਰਗ ਵਿੱਚ ਜਾ ਸਕਣ), ਪਵਿੱਤਰ ਆਤਮਾ ਪ੍ਰਾਪਤ ਕਰ ਸਕਣ। ਉਸਨੇ ਆਪਣਾ ਬਚਨ ਪੂਰਾ ਕੀਤਾ। ਇਸ ਲਈ ਇਹ ਤੁਹਾਨੂੰ ਹੁਣ ਉਲਝਾਉਂਦਾ ਨਹੀਂ, ਕੀ ਇਹ ਉਲਝਾਉਂਦਾ ਹੈ? ਸਮਝੇ? ਯਕੀਨਨ, ਮੱਤੀ 28:19 ਸਿਰਲੇਖ ਸਨ, ਨਾਮ ਨਹੀਂ।

177 ਠੀਕ ਹੈ, ਸਾਡੇ ਕੋਲ ਹੋਰ ਕਿੰਨਾ ਸਮਾਂ ਹੈ? ਕੀ ਅਸੀਂ ਕੁਝ ਹੋਰ ਸਵਾਲਾਂ

ਦੇ ਜਵਾਬ ਦੇਣ ਲਈ ਪੰਦਰਾਂ ਮਿੰਟ ਹੋਰ ਲੈ ਸਕਦੇ ਹਾਂ? ਕੀ ਅਸੀਂ ਲੈ ਸਕਦੇ ਹਾਂ? ਠੀਕ ਹੈ, ਅਸੀਂ ਜਲਦੀ ਕਰਾਂਗੇ। ਮੇਰੇ ਕੋਲ ਇੱਥੇ ਹੇਠਾਂ ਦੋ ਪ੍ਰਸ਼ਨ ਹਨ, ਮੈਂ ਜਲਦੀ ਨਾਲ ਲੈਣਾ ਚਾਹੁੰਦਾ ਸੀ, ਜੇ ਮੈਂ ਕਰ ਸਕਿਆ ਤਾਂ, ਇਹ ਇਹਦੇ ਨਾਲ ਬਿਲਕੁਲ ਮਿਲਦਾ ਜੁਲਦਾ ਹੈ। ਫਿਰ ਜਿਹੜੇ ਉਨ੍ਹਾਂ ਵਿੱਚੋਂ ਬਾਕੀ ਰਹਿ ਜਾਣਗੇ ਮੈਂ ਐਤਵਾਰ ਸਵੇਰੇ ਉਨ੍ਹਾਂ ਨੂੰ ਲੈ ਸਕਦਾ ਹਾਂ।

57. **ਕੀ ਕਾਇਨ ਸੱਪ ਦੀ ਔਲਾਦ ਸੀ?** (ਇਹ ਇੱਕ ਚੰਗਾ ਪ੍ਰਸ਼ਨ ਹੈ।) **ਜੇ ਅਜਿਹਾ ਹੈ, ਤਾਂ ਆਦਮ ਦੇ ਉਸ ਕੋਲ ਜਾਣ ਤਕ ਹੱਵਾਹ ਗਰਭਵਤੀ ਕਿਉਂ ਨਹੀਂ ਹੋਈ?**

ਉਹੀ...ਅਗਲਾ ਪ੍ਰਸ਼ਨ ਇਸੇ ਤਰ੍ਹਾਂ ਹੈ:

58. **ਕੀ ਇਹ ਇੱਕ—ਇੱਕ ਰੁੱਖ ਹੀ ਸੀ ਜਿਸ ਤੋਂ ਹੱਵਾਹ ਨੇ ਫਲ ਖਾਧਾ ਸੀ? ਉਸਨੇ ਦੇਖਿਆ ਕਿ ਇਹ ਖਾਣ ਲਈ ਚੰਗਾ ਸੀ।**

178 ਠੀਕ ਹੈ, ਭਾਈ, ਭੈਣ, ਇਹ ਜੋ ਵੀ ਸੀ, ਆਓ ਉਤਪਤ ਵਿੱਚ ਵਾਪਸ ਚੱਲੀਏ ਅਤੇ ਇੱਥੇ ਕੁਝ ਪਤਾ ਕਰੀਏ। ਆਓ ਉਤਪਤ 3:8 ਤੇ ਚੱਲੀਏ, ਜੇ ਤੁਸੀਂ ਚਾਹੋ ਤਾਂ। ਠੀਕ ਹੈ, ਅਤੇ ਹੁਣ ਧਿਆਨ ਨਾਲ ਸੁਣੋ।

179 ਹੁਣ ਮੈਂ ਕਹਾਣੀ ਨੂੰ ਸਾਹਮਣੇ ਲਿਆਵਾਂਗਾ। ਸਭ ਕੁੱਝ ਸ਼ੁੱਧ ਅਤੇ ਪਵਿੱਤਰ ਸੀ, ਨਾ ਕੋਈ ਪਾਪ ਸੀ ਅਤੇ ਨਾ ਕੋਈ ਮਲੀਨਤਾ ਸੀ। ਹੁਣ ਮੈਂ ਲਵਾਂਗਾ... ਤੁਹਾਡਾ...ਇਹ ਪਹਿਲਾ ਪ੍ਰਸ਼ਨ ਪਹਿਲਾਂ ਲਵਾਂਗਾ। ਜੀਵਨ ਦਾ ਰੁੱਖ...ਬਾਗ ਦੇ ਵਿਚਕਾਰ, ਰੁੱਖ ਦੇ ਵਿਚਕਾਰ। ਉਹ *ਰੁੱਖ* "ਉਹ ਨਾਰੀ" ਸੀ। ਹੁਣ ਜੇਕਰ ਤੁਸੀਂ ਕੁਝ ਮਿੰਟਾਂ ਲਈ ਧੀਰਜ ਰੱਖੋ ਤਾਂ ਮੈਂ ਤੁਹਾਡੇ ਲਈ ਵਚਨ ਦੁਆਰਾ ਇਸ ਨੂੰ ਸਾਬਤ ਕਰਾਂਗਾ।

180 ਅਸੀਂ ਪਹਿਲਾਂ ਲਵਾਂਗੇ ਕਿ ਕੀ ਉਹ ਸੀ...ਕਿ ਉਹ ਆਦਮ ਨੂੰ ਜਾਣਨ ਤੋਂ ਪਹਿਲਾਂ ਗਰਭਵਤੀ ਹੋਈ ਸੀ ਜਾਂ ਨਹੀਂ, ਜਾਂ ਇਸ ਤੋਂ ਪਹਿਲਾਂ...ਸੁਣੋ:

> *ਤਾਂ ਉਨ੍ਹਾਂ ਨੇ **ਯਹੋਵਾਹ** ਪਰਮੇਸ਼ੁਰ ਦੀ ਅਵਾਜ਼ ਸੁਣੀ ਜਦ ਉਹ ਬਾਗ ਵਿੱਚ ਫਿਰਦਾ ਸੀ,ਅਤੇ ਦਿਨ ਦੇ ਠੰਡੇ ਵੇਲੇ: ਅਤੇ ਆਦਮ ਅਤੇ ਉਹ ਦੀ ਤੀਵੀਂ ਨੇ ਬਾਗ ਦੇ ਬਿਰਛਾਂ ਵਿਚਕਾਰ **ਯਹੋਵਾਹ** ਪਰਮੇਸ਼ੁਰ ਦੀ ਹਜੂਰੀ ਤੋਂ ਆਪ ਨੂੰ ਲੁਕਾਇਆ।*
>
> *ਤਦ **ਯਹੋਵਾਹ**...ਪਰਮੇਸ਼ੁਰ ਨੇ ਆਦਮ ਨੂੰ ਪੁਕਾਰਿਆ, ਅਤੇ ਆਖਿਆ...ਤੂੰ ਕਿੱਥੇ ਹੈਂ?*
>
> *ਅਤੇ ਉਸ ਨੇ ਆਖਿਆ, ਕਿ ਤੇਰੀ ਅਵਾਜ਼ ਬਾਗ ਵਿੱਚ ਸੁਣ ਕੇ, ਮੈਂ ਡਰ ਗਿਆ, ਕਿਉਂ ਜੋ ਮੈਂ ਨੰਗਾ ਹਾਂ;...* (ਹੁਣ, ਉਹ ਇੱਕ ਦਿਨ

ਪਹਿਲਾਂ ਇਹ ਨਹੀਂ ਜਾਣਦਾ ਸੀ; ਕੁਝ ਹੋ ਗਿਆ ਸੀ, ਕਿਸੇ ਚੀਜ ਨੇ ਉਸ ਤੇ ਪ੍ਰਗਟ ਕੀਤਾ ਕਿ ਉਹ ਨੰਗਾ ਸੀ) *ਅਤੇ ਮੈਂ ਆਪਣੇ ਆਪ ਨੂੰ ਲੁਕਾਇਆ।*

*ਤਾਂ ਉਸ ਨੇ ਆਖਿਆ, ਕਿਨ ਤੈਨੂੰ ਦੱਸਿਆ ਕਿ ਤੂੰ ਨੰਗਾ ਸੀ? ਕੀ ਤੂੰ ਉਸ ਰੁੱਖ ਤੋਂ ਤਾਂ ਨਹੀਂ ਖਾਧਾ,...?*

181 ਕੀ ਰੁੱਖ ਦਾ ਫਲ ਖਾਣ ਤੋਂ ਉਸ ਨੂੰ ਅਹਿਸਾਸ ਹੋਇਆ ਕਿ ਉਹ ਨੰਗਾ ਸੀ? ਜਿਵੇਂ ਕਿ ਮੈਂ ਅਕਸਰ ਕਿਹਾ ਹੈ, (ਇਹ ਕੋਈ ਮਜ਼ਾਕ ਨਹੀਂ ਹੈ, ਮੈਂ ਇਹ ਮਜ਼ਾਕ ਲਈ ਨਹੀਂ ਕਹਿ ਰਿਹਾ) “ਪਰ ਜੇ ਸੇਬ ਖਾਣ ਨਾਲ ਔਰਤਾਂ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਉਹ ਨੰਗੀਆਂ ਹਨ, ਤਾਂ ਚੰਗਾ ਹੋਵੇਗਾ ਕਿ ਉਨ੍ਹਾਂ ਨੂੰ ਦੁਬਾਰਾ ਦਿੱਤੇ ਜਾਣ।” ਸਮਝੇ? ਇਹ ਨੰਗਾ ਨਹੀਂ ਸੀ। ਇਹ ਕੋਈ ਰੁੱਖ ਨਹੀਂ ਸੀ, ਜਿਸ ਤੋਂ ਉਨ੍ਹਾਂ ਨੇ ਇੱਕ ਸੇਬ ਖਾਧਾ, ਪਰ ਇਹ ਸੰਭੋਗ ਸੀ। ਦੇਖੋ:

...ਜਿਸ *ਬਿਰਛ ਤੋਂ ਮੈਂ ਤੈਨੂੰ ਹੁਕਮ ਦਿੱਤਾ ਕਿ ਉਸ ਤੋਂ ਨਾ ਖਾਈਂ ਕੀ ਤੂੰ ਉਸ ਤੋਂ ਖਾਧਾ?*

*ਅਤੇ ਆਦਮੀ ਨੇ ਆਖਿਆ, ਜਿਸ ਤੀਵੀਂ ਨੂੰ ਤੂੰ ਮੈਨੂੰ ਦਿੱਤਾ ਸੀ, ਕਿ ਮੇਰੇ ਨਾਲ ਰਹੇ, ਉਸ ਨੇ ਉਸ ਬਿਰਛ ਤੋਂ...ਮੈਨੂੰ ਦਿੱਤਾ, ਅਤੇ ਮੈਂ ਖਾਧਾ।*

*ਤਦ* ***ਯਹੋਵਾਹ****...ਨੇ ਤੀਵੀਂ ਨੂੰ ਆਖਿਆ, ਕਿ ਤੂੰ ਇਹ ਕੀ ਕੀਤਾ? ਅਤੇ ਤੀਵੀਂ ਨੇ ਆਖਿਆ, ਕਿ ਸੱਪ ਨੇ ਮੈਨੂੰ ਭਰਮਾਇਆ,...* (ਹੂੰ?)...*ਉਸ ਸੱਪ ਨੇ ਮੈਨੂੰ ਭਰਮਾਇਆ, ਅਤੇ ਤਾਂ ਮੈਂ ਖਾ ਲਿਆ।* (ਉਸਦੇ ਗਰਭਵਤੀ ਹੋਣ ਤੋਂ ਬਹੁਤ ਸਮਾਂ ਪਹਿਲਾਂ, ਦੇਖੋ, ਆਦਮ ਤੋਂ)

182 ਆਦਮ ਉਸ ਕੋਲ ਗਿਆ, ਅਤੇ ਉਹ ਗਰਭਵਤੀ ਹੋਈ ਅਤੇ ਜਨਮ ਦਿੱਤਾ—ਅਤੇ ਹਾਬਲ ਨੂੰ ਜਨਮ ਦਿੱਤਾ।

183 ਪਰ ਮੈਂ ਸਿਰਫ ਇੱਕ ਸ਼ਾਬਦਿਕ ਦ੍ਰਿਸ਼ਟੀਕੋਣ ਤੋਂ, ਤੁਹਾਨੂੰ ਪੁੱਛਣਾ ਚਾਹੁੰਦਾ ਹਾਂ। ਹੁਣ ਤੁਹਾਨੂੰ ਇਹ ਸਾਬਤ ਕਰਨ ਲਈ ਕਿ ਉਹ ਰੁੱਖ ਸੀ, ਹਰ ਨਾਰੀ ਇੱਕ ਫਲਦਾਇਕ ਰੁੱਖ ਹੈ। ਇਹ ਕਿੰਨੇ ਕੁ ਲੋਕ ਜਾਣਦੇ ਹਨ? ਕੀ ਤੁਸੀਂ ਆਪਣੀ ਮਾਂ ਦਾ ਫਲ ਨਹੀਂ ਹੋ? ਯਕੀਨਨ, ਤੁਸੀਂ ਹੋ। “ਅਤੇ ਫਲ ਦੇ ਵਿਚਕਾਰ, ਜਾਂ ਰੁੱਖ ਦੇ ਵਿਚਕਾਰ, ਉਹ ਫਲ ਜਿਸ ਨੂੰ ਉਸ ਨੇ ਨਹੀਂ ਛੂਹਣਾ ਸੀ।”

184 ਜੇ ਤੁਸੀਂ ਧਿਆਨ ਦਿਓ, ਕੀ ਯਿਸੂ ਜੀਵਨ ਦਾ ਰੁੱਖ ਨਹੀਂ ਸੀ? ਕੀ ਉਸਨੇ ਸੰਤ ਮੱਤੀ, ਜਾਂ, ਸੰਤ ਯੂਹੰਨਾ, 6ਵੇਂ ਅਧਿਆਇ ਵਿੱਚ ਵਾਅਦਾ ਨਹੀਂ ਕੀਤਾ ਸੀ, “ਮੈਂ ਜੀਵਨ ਦੀ ਰੋਟੀ ਹਾਂ ਜੋ ਸਵਰਗ ਤੋਂ ਪਰਮੇਸ਼ੁਰ ਵੱਲੋਂ ਉਤਰੀ ਹੈ”?

185 ਜੇ ਕੋਈ ਨਰ ਨਾਰੀ ਤੋਂ ਖਾਵੇ...ਅਤੇ ਵੇਖੋ, ਨਾਰੀ ਦੇ ਦੁਆਰਾ...ਜਨਮ ਤੋਂ, ਅਸੀਂ ਸਾਰੇ ਮਰਦੇ ਹਾਂ; ਕਿਉਂਕਿ ਅਸੀਂ ਮੌਤ ਦੇ ਅਧੀਨ ਹਾਂ (ਕੀ ਇਹ ਸਹੀ ਹੈ?) ਨਾਰੀ ਤੋਂ ਜਨਮ ਲੈਣ ਦੇ ਕਰਕੇ। ਨਰ ਤੋਂ ਜਨਮ ਲੈਣ ਦੁਆਰਾ, ਅਸੀਂ ਸਾਰੇ ਸਦਾ ਲਈ ਜੀਉਂਦੇ ਰਹਿੰਦੇ ਹਾਂ। ਨਾਰੀ ਮੌਤ ਦਾ ਰੁੱਖ ਹੈ, ਨਰ ਜੀਵਨ ਦਾ ਰੁੱਖ ਹੈ; ਕਿਉਂਕਿ ਨਾਰੀ ਆਪਣੇ ਵਿੱਚ ਤਾਂ ਜੀਵਨ ਵੀ ਪੈਦਾ ਨਹੀਂ ਕਰ ਸਕਦੀ। ਇਹ ਬਿਲਕੁਲ ਸਹੀ ਹੈ। ਜੀਵਨ ਦਾ ਜੀਵਾਣੂ ਨਰ ਤੋਂ ਆਉਂਦਾ ਹੈ, ਠੀਕ ਹੈ। ਇਹ ਨਾਰੀ ਵਿੱਚ ਜਾਂਦਾ ਹੈ, ਅਤੇ ਨਾਰੀ ਹੋਰ ਕੁਝ ਨਹੀਂ ਪਰ ਇੱਕ ਬੱਚੇ ਨੂੰ ਜਿਉਂਦਾ ਰੱਖਣ ਵਾਲੀ ਮਸ਼ੀਨ ਹੈ; ਅਤੇ ਬੱਚਾ ਨਹੀਂ ਜੁੜਿਆ ਹੁੰਦਾ, ਪਰ ਸਿਰਫ ਧੁੰਨੀ ਦਾ ਨਾੜੂ। ਮਾਂ ਦੇ ਖ਼ੂਨ ਦਾ ਇੱਕ ਕਤਰਾ ਵੀ ਬੱਚੇ ਵਿੱਚ ਨਹੀਂ ਹੁੰਦਾ; ਉਹ ਬੱਚਾ ਉਸਦੇ ਖ਼ੂਨ ਵਿੱਚ ਪੈਦਾ ਹੁੰਦਾ ਹੈ, ਪਰ ਬੱਚੇ *ਵਿੱਚ* ਉਸਦਾ ਇੱਕ ਵੀ ਕਤਰਾ ਨਹੀਂ ਹੁੰਦਾ। ਜਾਓ ਲੱਭੋ...ਜਾਂ ਡਾਕਟਰ ਦੀ ਕਿਤਾਬ ਪੜ੍ਹੋ, ਜਾਂ ਆਪਣੇ ਡਾਕਟਰ ਨੂੰ ਪੁੱਛੋ, ਤਾਂ ਤੁਸੀਂ ਦੇਖੋਗੇ। ਇਹ ਉੱਥੇ ਨਹੀਂ ਹੈ, ਨਹੀਂ, ਸ਼੍ਰੀ ਮਾਨ, ਇਸਦਾ ਇੱਕ ਕਤਰਾ ਵੀ ਨਹੀਂ। ਉਹ ਸਿਰਫ ਅੰਡਾ ਹੀ ਹੈ, ਇਹੀ ਸਭ ਕੁਝ ਹੈ। ਅਤੇ ਜੀਵਨ ਨਰ ਤੋਂ ਆਉਂਦਾ ਹੈ।

186 ਇਹ ਇੱਕ ਸੁੰਦਰ ਨਮੂਨਾ ਹੈ ਇਹ ਦਿਖਾਉਣ ਲਈ ਕਿ ਨਾਰੀ ਦੁਆਰਾ, ਕੁਦਰਤੀ ਜਨਮ ਦੁਆਰਾ, ਸਾਨੂੰ ਸਾਰਿਆਂ ਨੂੰ ਮਰਨਾ ਪੈਣਾ ਹੈ, ਕਿਉਂਕਿ ਅਸੀਂ ਸ਼ੁਰੂਆਤ ਤੋਂ ਹੀ ਮਰੇ ਹੋਏ ਹਾਂ; ਅਤੇ ਕੇਵਲ ਨਰ ਦੁਆਰਾ ਹੀ ਅਸੀਂ ਜੀ ਸਕਦੇ ਹਾਂ ਜੋ ਮਸੀਹ ਯਿਸੂ ਹੈ। ਅਤੇ ਉੱਥੇ ਅਦਨ ਦੇ ਬਾਗ਼ ਵਿੱਚ ਦੋ ਰੁੱਖ ਹਨ। ਕੀ ਤੁਸੀਂ ਇਸਨੂੰ ਨਹੀਂ ਦੇਖ ਸਕਦੇ?

187 ਅਤੇ ਦੇਖੋ! ਅਤੇ ਉਸ ਦਿਨ ਇੱਕ ਕਰੂਬ ਨੂੰ ਇਸ ਰੁੱਖ ਦੀ ਰਾਖੀ ਲਈ ਰੱਖਿਆ ਗਿਆ ਸੀ। ਕਿ ਜੇਕਰ ਉਨ੍ਹਾਂ ਨੇ ਕਦੇ ਉਸ ਜੀਵਨ ਰੁੱਖ ਦਾ ਸੁਆਦ ਚੱਖ ਲਿਆ, ਤਾਂ ਉਹ ਸਾਰੇ ਸਦਾ ਲਈ ਜਿਉਂਦੇ ਰਹਿਣਗੇ। ਇਹ ਕਿੰਨੇ ਲੋਕ ਜਾਣਦੇ ਹਨ? ਉਹ ਸਾਰੇ ਸਦਾ ਲਈ ਜਿਉਂਦੇ ਰਹਿਣਗੇ। ਅਤੇ ਪਹਿਲੀ ਵਾਰ ਉਹ ਇਸਦਾ ਸੁਆਦ ਲੈ ਸਕੇ...ਦੂਤ ਨੇ ਕਿਹਾ, "ਅਸੀਂ ਇਸ ਦੀ ਰਾਖੀ ਕਰਾਂਗੇ।" ਅਤੇ ਉਨ੍ਹਾਂ ਪੂਰਬ ਵਲ੍ਹ ਉਸ ਦੀ ਰਾਖੀ ਕਰਨ ਲਈ ਕਰੂਬਾਂ ਨੂੰ ਬਲਦੀ ਤਲਵਾਰ ਨਾਲ ਉੱਥੇ ਰੱਖਿਆ। ਉਹ ਇਸਨੂੰ ਵਾਪਸ ਪੂਰਬ ਵੱਲ ਲੈ ਗਏ, ਅਤੇ ਉਸ ਰੁੱਖ ਦੀ ਬਲਦੀਆਂ ਤਲਵਾਰਾਂ ਨਾਲ ਰਾਖੀ ਕੀਤੀ ਤਾਂ ਜੋ ਉਹ ਇਸ (ਇਸ ਰੁੱਖ) ਨੂੰ ਪ੍ਰਾਪਤ ਕਰਨ ਲਈ ਅੰਦਰ ਨਾ ਜਾ ਸਕਣ।

188 ਅਤੇ ਜਦੋਂ ਯਿਸੂ ਆਇਆ, ਉਸਨੇ ਕਿਹਾ, "ਜੀਵਨ ਦੀ ਰੋਟੀ ਮੈਂ ਹਾਂ, ਜੇ ਕੋਈ ਮਨੁੱਖ ਇਹ ਰੋਟੀ ਖਾਂਦਾ ਹੈ ਤਾਂ ਉਹ ਕਦੇ ਨਾ ਮਰੇਗਾ।" ਉੱਥੇ ਤੁਹਾਡਾ ਰੁੱਖ ਹੈ।

189 ਉੱਥੇ ਤੁਹਾਡੀ ਨਾਰੀ ਹੈ, ਉੱਥੇ ਹੈ ਤੁਹਾਡਾ ਜਿਨਸੀ ਸੰਭੋਗ ਜੋ ਮੌਤ ਲਿਆਉਂਦਾ ਹੈ। ਜਿਵੇਂ ਉੱਥੇ ਯਕੀਨੀ ਤੌਰ ਤੇ ਜਿਨਸੀ ਇੱਛਾ ਹੈ, ਇਹ ਮੌਤ ਨੂੰ ਲੈ ਕੇ ਆਉਂਦੀ ਹੈ। ਅਤੇ ਜਿਵੇਂ ਉੱਥੇ ਯਕੀਨੀ ਤੌਰ ਤੇ ਇੱਕ ਆਤਮਿਕ ਜਨਮ ਹੈ, ਉੱਥੇ ਇਸ ਦੁਆਰਾ ਸਦੀਪਕ ਜੀਵਨ ਆਉਂਦਾ ਹੈ। ਨਾਰੀ ਤੋਂ ਜਨਮ ਦੁਆਰਾ ਮੌਤ ਆਉਂਦੀ ਹੈ, ਅਤੇ ਨਰ ਤੋਂ ਜਨਮ ਦੁਆਰਾ ਜੀਵਨ ਆਉਂਦਾ ਹੈ। ਆਮੀਨ! ਉਥੇ ਤੁਸੀਂ ਹੋ।

190 ਹੁਣ ਕਾਇਨ ਵੱਲ ਵਾਪਸ ਚੱਲੀਏ। ਕੀ ਤੁਸੀਂ ਮੈਨੂੰ ਦੱਸ ਸਕਦੇ ਹੋ ਕਿ ਉਹ ਆਤਮਾ ਅਤੇ ਉਹ ਦੁਰਭਾਵਨਾ ਕਿੱਥੋਂ ਆਈ ਹੈ? ਜੇ ਕਾਇਨ…ਦੇਖੋ, ਜੇਕਰ ਕਾਇਨ ਆਦਮ ਦਾ ਪੁੱਤਰ ਸੀ ਜੋ ਪਰਮੇਸ਼ੁਰ ਦਾ ਪੁੱਤਰ ਸੀ, ਤਾਂ ਉਹ ਬੁਰਾਈ ਕਿੱਥੋਂ ਆਈ? ਜਦੋਂ ਉਹ ਪੈਦਾ ਹੋਇਆ ਤਾਂ ਸਭ ਤੋਂ ਪਹਿਲਾਂ, ਉਸ ਨੇ ਨਫ਼ਰਤ ਕੀਤੀ, ਉਹ ਇੱਕ ਕਾਤਲ ਸੀ, ਉਹ ਈਰਖਾ ਕਰਦਾ ਸੀ। ਅਤੇ ਹੁਣ ਉਸਦੇ ਪਿਤਾ ਦੇ ਸੁਭਾਅ ਨੂੰ ਲਓ, ਬਹੁਤ ਪਹਿਲਾਂ ਸ਼ੁਰੂਆਤ ਵਿੱਚ, ਲੂਸੀਫਰ, ਅਤੇ ਉਹ ਸ਼ੁਰੂਆਤ ਵਿੱਚ ਸੀ…ਉਹ ਮੀਕਾਏਲ ਨਾਲ ਈਰਖਾ ਕਰਦਾ ਸੀ, ਜਿਸ ਨੇ ਸਾਰੀ ਮੁਸੀਬਤ ਦੀ ਸ਼ੁਰੂਆਤ ਕੀਤੀ। ਇਹ ਕਿੰਨੇ ਲੋਕ ਜਾਣਦੇ ਹਨ? ਅਤੇ ਕਾਇਨ ਆਪਣੇ ਪਿਤਾ ਦੇ ਸੁਭਾਅ ਤੇ ਸੀ, ਜਿਸ ਕਾਰਨ ਉਹ ਆਪਣੇ ਭਰਾ ਨਾਲ ਈਰਖਾ ਕਰਦਾ ਸੀ ਅਤੇ ਉਸਨੂੰ ਮਾਰ ਦਿੱਤਾ। ਉਸ ਸ਼ੁੱਧ…ਉਹ ਸੁਭਾਅ ਉਸ ਸ਼ੁੱਧ ਧਾਰਾ ਵਿੱਚੋਂ ਬਾਹਰ ਨਹੀਂ ਆ ਸਕਦਾ ਸੀ। ਇਹ ਆਇਆ…ਇਸ ਨੂੰ ਦੂਸ਼ਿਤ ਧਾਰਾ ਵਿੱਚੋਂ ਬਾਹਰ ਆਉਣਾ ਪਿਆ। ਅਤੇ ਕਾਇਨ ਵੱਲ ਧਿਆਨ ਦਿਓ, ਜਿਵੇਂ ਹੀ ਉਸ ਦਾ ਜਨਮ ਹੋਇਆ ਸੀ।

191 ਅਤੇ ਫਿਰ ਉਸ ਤੋਂ ਬਾਅਦ ਹਾਬਲ ਦਾ ਜਨਮ ਹੋਇਆ, ਫਿਰ ਉਹ ਆਦਮ ਦੁਆਰਾ ਗਰਭਵਤੀ ਹੋਈ, ਅਤੇ ਉਹ ਉਸ ਦੇ ਕੋਲ—ਉਸ ਦੇ ਕੋਲ ਗਿਆ ਅਤੇ ਉਸ ਨੇ ਪੁੱਤਰ ਹਾਬਲ ਨੂੰ ਜਨਮ ਦਿੱਤਾ। ਅਤੇ ਹਾਬਲ ਮਸੀਹ ਦਾ ਨਮੂਨਾ ਸੀ; ਅਤੇ ਕਦੋਂ—ਜਦੋਂ ਹਾਬਲ ਮਾਰਿਆ ਗਿਆ, ਸੇਤ ਨੇ ਉਸਦੀ ਜਗ੍ਹਾ ਲੈ ਲਈ; ਮਸੀਹ ਦੀ ਮੌਤ, ਦਫ਼ਨਾਇਆ ਜਾਣਾ, ਅਤੇ ਪੁਨਰ-ਉਥਾਨ, ਇੱਕ ਨਮੂਨੇ ਦੇ ਰੂਪ ਵਿੱਚ।

192 ਪਰ, ਹੁਣ, ਕਾਇਨ ਅਰਾਧਨਾ ਕਰਦਾ ਸੀ; ਉਸਦੇ ਸਾਰੇ ਸਰੀਰਕ ਕੰਮ, ਜੋ ਬਸ ਅੱਜ ਦੀ ਸਰੀਰਕ ਕਲੀਸਿਯਾ ਵਰਗੇ ਸਨ: ਉਹ ਗਿਰਜੇ ਜਾਂਦੇ ਹਨ, ਉਹ ਅਰਾਧਨਾ ਕਰਦੇ ਹਨ। ਕਾਇਨ ਅਰਾਧਨਾ ਕਰਦਾ ਸੀ; ਉਹ ਅਵਿਸ਼ਵਾਸੀ ਨਹੀਂ ਸੀ, ਉਹ ਸਾਮਵਾਦੀ ਨਹੀਂ ਸੀ। ਕਾਇਨ ਇੱਕ ਵਿਸ਼ਵਾਸੀ ਸੀ; ਉਹ ਪਰਮੇਸ਼ੁਰ ਕੋਲ ਗਿਆ, ਉਸਨੇ ਇੱਕ ਜਗਵੇਦੀ ਬਣਾਈ। ਉਸ ਨੇ ਉਹ ਹਰੇਕ ਧਾਰਮਿਕ ਕੰਮ ਕੀਤਾ ਜੋ ਹਾਬਲ ਨੇ ਕੀਤਾ ਸੀ, ਪਰ ਉਸ ਕੋਲ ਪਰਮੇਸ਼ੁਰ

ਦੀ ਇੱਛਾ ਦਾ ਆਤਮਿਕ ਪ੍ਰਕਾਸ਼ਣ ਨਹੀਂ ਸੀ। ਪਰਮੇਸ਼ੁਰ ਦਾ ਨਾਮ ਮੁਬਾਰਕ ਹੋਵੇ! ਉਥੇ ਤੁਸੀਂ ਹੋ। ਕੀ ਤੁਸੀਂ ਇਸਨੂੰ ਦੇਖ ਰਹੇ ਹੋ? ਉਸ ਕੋਲ ਆਤਮਿਕ ਪ੍ਰਕਾਸ਼ਣ ਨਹੀਂ ਸੀ, ਅਤੇ ਅੱਜ ਕਲੀਸਿਯਾ ਨਾਲ ਵੀ ਇਹੀ ਮਾਮਲਾ ਹੈ। ਅਤੇ ਯਿਸੂ ਨੇ ਕਿਹਾ ਕਿ ਉਹ ਉਸ ਆਤਮਿਕ ਪ੍ਰਕਾਸ਼ਣ ਉੱਤੇ ਆਪਣੀ ਕਲੀਸਿਯਾ ਬਣਾਵੇਗਾ। ਤੁਸੀਂ ਇਹ ਸਮਝੇ? ਔਹ, ਮੇਰੇ, ਤੁਹਾਡੀਆਂ ਅੱਖਾਂ ਹੁਣ ਖੁੱਲ੍ਹ ਸਕਦੀਆਂ ਹਨ। ਦੇਖੋ, ਇਹ ਆਤਮਿਕ ਪ੍ਰਕਾਸ਼ਣ ਹੈ।

193 ਕਾਇਨ ਆਇਆ: ਉਸਨੇ ਇੱਕ ਜਗਵੇਦੀ ਬਣਾਈ, ਉਸਨੇ ਅਰਾਧਨਾ ਕੀਤੀ, ਉਸਨੇ ਬਲੀ ਲਿਆਂਦੀ, ਉਸਨੇ ਗੋਡੇ ਟੇਕੇ, ਉਸਨੇ ਪਰਮੇਸ਼ੁਰ ਦੀ ਉਸਤਤ ਕੀਤੀ, ਉਸਨੇ ਪਰਮੇਸ਼ੁਰ ਦੀ ਅਰਾਧਨਾ ਕੀਤੀ, ਉਸਨੇ ਉਹ ਹਰੇਕ ਧਾਰਮਿਕ ਕੰਮ ਕੀਤਾ ਜੋ ਹਾਬਲ ਨੇ ਕੀਤਾ ਸੀ। ਅਤੇ ਪਰਮੇਸ਼ੁਰ ਨੇ ਉਸ ਦਾ ਸਾਫ਼-ਸਾਫ਼ ਇਨਕਾਰ ਕਰ ਦਿੱਤਾ ਕਿਉਂਕਿ ਉਸ ਕੋਲ ਆਤਮਿਕ ਪ੍ਰਕਾਸ਼ਣ ਨਹੀਂ ਸੀ!

194 ਕਾਇਨ ਦੀ ਉਸੇ ਪੀੜ੍ਹੀ ਨੂੰ ਵੇਖੋ: ਕਿਸ਼ਤੀ ਤੋਂ ਲੈ ਕੇ, ਕਿਸ਼ਤੀ ਤੋਂ ਸਿੱਧਾ ਇਜ਼ਰਾਈਲ ਤਕ, ਇਜ਼ਰਾਈਲ ਤੋਂ ਯਿਸੂ ਤਕ, ਅਤੇ ਯਿਸੂ ਤੋਂ ਲੈ ਕੇ ਅੱਜ ਤੱਕ; ਅਤੇ ਵੇਖੋ ਕਿ ਕੀ ਉਹ ਸਰੀਰਕ, ਬੁਨਿਆਦੀ ਸਿਧਾਂਤ ਵਾਲੀ ਕਲੀਸਿਯਾ, ਸਖਤ ਅਤੇ ਢੀਠ, ਵਿਦਵਾਨ, ਮੇਰਾ ਮਤਲਬ ਹੈ ਉਹ ਮਨੁੱਖ ਜਿਨ੍ਹਾਂ ਕੋਲ ਵਚਨ ਹਨ, ਜੋ ਸਾਰੇ ਸਿਧਾਂਤਾਂ ਅਤੇ ਧਰਮ ਸ਼ਾਸਤਰਾਂ ਨੂੰ ਜਾਣਦੇ ਹਨ, ਉਹ ਇਸ ਨੂੰ ਸਮਝਾ ਸਕਦੇ ਹਨ, ਲੜਕੇ, ਬਸ *ਇਸ* ਤਰ੍ਹਾਂ, ਪਰ ਆਤਮਿਕ ਪ੍ਰਕਾਸ਼ਣ ਤੋਂ ਬਿਨਾਂ! [ਭਾਈ ਬ੍ਰਨਹਾਮ ਆਪਣੀਆਂ ਉਂਗਲਾਂ ਨਾਲ ਚੁਟਕੀ ਵਜਾਉਂਦੇ ਹਨ—ਸੰਪਾ.] ਇਹ ਸਹੀ ਹੈ। ਇਹ ਕਾਇਨ ਦੀ ਸਿੱਖਿਆ ਹੈ।

195 ਬਾਈਬਲ ਨੇ ਕਿਹਾ, "ਹਾਏ ਉਨ੍ਹਾਂ ਉੱਤੇ! ਕਿਉਂ ਜੋ ਓਹ ਕਾਇਨ ਦੀ ਸਿੱਖਿਆ ਪਿੱਛੇ ਲੱਗ ਤੁਰੇ ਅਤੇ ਬਿਲਆਮ ਦੇ ਭਰਮ ਵਿੱਚ ਸਿਰ ਤੋੜ ਭੱਜੇ, ਅਤੇ ਅਤੇ ਕੋਰਾਹ ਦੇ ਵਿਰੋਧ ਵਿੱਚ ਨਾਸ ਹੋਏ।" ਉਹੀ ਕਿਤਾਬ, ਯਹੂਦਾਹ, ਉਸਨੇ ਕਿਹਾ, "ਜਿਹੜੇ ਇਸ ਸਜ਼ਾ ਲਈ ਪਰਾਚੀਨ ਕਾਲ ਵਿੱਚ ਅਗੇਤਰੇ ਲਿਖੇ ਗਏ ਸਨ।" ਯਕੀਨਨ, ਉਹ ਲਿਖੇ ਗਏ ਸਨ। ਵੇਖਿਆ? ਬਿਲਆਮ ਕੀ ਸੀ? ਉਹ ਇੱਕ ਬਿਸ਼ਪ ਸੀ। ਉਹ ਸਾਰੀ ਕਲੀਸਿਯਾ ਦੇ ਉੱਤੇ ਸੀ। ਉਹ ਉੱਥੇ ਉਨਾ ਹੀ ਬੁਨਿਆਦੀ ਸਿਧਾਂਤ ਲੈ ਕੇ ਆਇਆ ਜਿੰਨਾ ਉਹ ਲਿਆ ਸਕਦਾ ਸੀ। ਉਸ ਨੇ ਪੇਸ਼…ਉਸ ਨੂੰ ਉਥੇ ਪ੍ਰਸਿੱਧ ਲੋਕਾਂ ਵਿੱਚ ਖਲੋਤੇ ਹੋਏ ਵੇਖੋ, ਉਨ੍ਹਾਂ ਦੇ ਵੱਡੇ ਅਤੇ ਪ੍ਰਸਿੱਧ ਲੋਕਾਂ ਵਿਚ ਉਹ ਖੜ੍ਹਾ ਸੀ। ਅਤੇ ਉਹ ਅਵਿਸ਼ਵਾਸੀ ਨਹੀਂ ਸਨ, ਉਹ ਵਿਸ਼ਵਾਸੀ ਸਨ।

196 ਉਹ—ਉਹ ਮੋਆਬ ਦਾ ਗੋਤ ਲੂਤ ਦੀ ਧੀ ਤੋਂ ਆਇਆ ਸੀ। ਲੂਤ ਰਹਿੰਦਾ

ਸੀ...ਲੂਤ ਦੀ ਧੀ ਜੋ ਆਪਣੇ ਪਿਤਾ ਦੇ ਨਾਲ ਰਹਿੰਦੀ ਸੀ, ਅਤੇ ਗਰਭਵਤੀ ਹੋਈ ਅਤੇ ਇੱਕ ਬੱਚੇ ਨੂੰ ਜਨਮ ਦਿੱਤਾ, ਅਤੇ ਉਹ ਬੱਚਾ...ਉਸ ਨੇ ਮੋਆਬ ਦੇ ਗੋਤ ਨੂੰ ਵਧਾਇਆ। ਅਤੇ ਉਹ ਇੱਕ ਮਹਾਨ ਸੰਪਰਦਾ ਸਨ। ਵੱਡੇ, ਸੱਜੇ ਹੋਏ ਲੋਕ, ਅਤੇ ਉਨ੍ਹਾਂ ਕੋਲ ਰਾਜਕੁਮਾਰ ਅਤੇ ਰਾਜੇ ਅਤੇ ਮਸ਼ਹੂਰ ਲੋਕ ਸਨ। ਉਨ੍ਹਾਂ ਕੋਲ ਬਿਸ਼ਪ ਅਤੇ ਕਾਰਡੀਨਲ ਅਤੇ ਸਭ ਕੁਝ ਸੀ।

197 ਅਤੇ ਇੱਥੇ ਪਵਿੱਤਰ ਪਖੰਡੀਆਂ ਦਾ ਇੱਕ ਝੁੰਡ ਆਇਆ, ਦੂਜਾ ਝੁੰਡ, ਇਸਰਾਏਲ; ਇੱਕ ਛੋਟਾ ਜਿਹਾ ਝੁੰਡ ਜੋ ਕਿ ਗੈਰ-ਸੰਪ੍ਰਦਾਇਕ ਸੀ, ਅੰਤਰ-ਸੰਪ੍ਰਦਾਇਕ। ਅਤੇ ਉਨ੍ਹਾਂ ਨੇ ਉਹ ਸਭ ਕੁਝ ਕੀਤਾ ਜੋ ਨਕਸ਼ੇ ਤੇ ਕੀਤਾ ਜਾਣਾ ਸੀ, ਬੁਰਾ ਵੀ। ਪਰ ਇਹ ਕੀ ਸੀ, ਉਨ੍ਹਾਂ ਕੋਲ ਆਤਮਿਕ ਪ੍ਰਕਾਸ਼ਣ ਸੀ, ਅਤੇ ਪਰਮੇਸ਼ੁਰ ਅੱਗ ਦੇ ਥੰਮ੍ਹ ਵਿੱਚ ਉਨ੍ਹਾਂ ਦੇ ਨਾਲ ਸੀ।

198 ਔਹ, ਮੈਂ—ਮੈਂ ਜਾਣਦਾ ਹਾਂ ਕਿ ਉਨ੍ਹਾਂ ਕੋਲ ਸਰੀਰਕ ਗੱਲਾਂ ਸਨ, ਅਤੇ ਲੋਕਾਂ ਨੇ ਕਿਹਾ, "ਇਹ ਤਾਂ ਇੱਕ ਹਵਾ ਦੀ ਲਹਿਰ ਹੈ, ਉਨ੍ਹਾਂ ਨਾਲ ਕੁਝ ਨਾ ਕਰੋ ਬਸ ਉਨ੍ਹਾਂ ਨੂੰ ਬਾਹਰ ਕੱਢ ਦਿਓ।" ਪਰ ਉਹਨਾਂ ਕੋਲ ਆਤਮਿਕ ਪ੍ਰਕਾਸ਼ਣ ਸੀ, ਅਤੇ ਉਹਨਾਂ ਕੋਲ ਇੱਕ ਮਾਰੀ ਹੋਈ ਚੱਟਾਨ ਸੀ, ਉਹਨਾਂ ਕੋਲ ਇੱਕ ਪਿੱਤਲ ਦਾ ਸੱਪ ਸੀ, ਉਨ੍ਹਾਂ ਦੇ ਨਾਲ ਇੱਕ ਅੱਗ ਦਾ ਥੰਮ੍ਹ ਸੀ। ਹਲਲੂਯਾਹ! ਮੈਂ ਜਾਣਦਾ ਹਾਂ ਤੁਸੀਂ—ਤੁਸੀਂ ਸੋਚ ਰਹੇ ਹੋ ਕਿ ਮੈਂ ਜੋਸ਼ ਵਿੱਚ ਹਾਂ, ਪਰ ਮੈਂ ਨਹੀਂ ਹਾਂ। ਮੈਨੂੰ ਬੱਸ ਚੰਗਾ ਮਹਿਸੂਸ ਹੋ ਰਿਹਾ ਹੈ।

199 ਧਿਆਨ ਦਿਓ! ਜਦੋਂ ਮੈਂ ਸੋਚਦਾ ਹਾਂ, "ਉਹੀ ਪਰਮੇਸ਼ੁਰ, ਅੱਜ, ਸਾਡੇ ਨਾਲ ਰਹਿੰਦਾ ਹੈ।" ਇਹ ਅਜੇ ਵੀ ਵਚਨ ਦਾ ਆਤਮਿਕ ਪ੍ਰਕਾਸ਼ਣ ਹੈ। ਯਕੀਨਨ, ਇਹ ਹੈ। ਇਹ ਅਨੰਤਕਾਲ ਲਈ ਸਹੀ ਹੈ। ਪ੍ਰਭੂ ਦਾ ਨਾਮ ਮੁਬਾਰਕ ਹੋਵੇ! ਹਾਂ, ਸ਼੍ਰੀਮਾਨ।

200 ਇੱਥੇ ਉਹ ਖੜ੍ਹਾ ਸੀ, ਉਹ ਬੁਨਿਆਦੀ ਸਿਧਾਂਤ; ਉਨ੍ਹਾਂ ਬੈਪਟਿਸਟਾਂ ਅਤੇ ਪ੍ਰੈਸਬੀਟੇਰੀਅਨ ਲੋਕਾਂ ਦਾ ਝੁੰਡ ਪਹਾੜੀ ਤੇ ਖੜ੍ਹਾ ਹੋ ਗਿਆ, ਅਤੇ ਉਹ ਆਪਣੇ ਬਿਸ਼ਪ ਨੂੰ ਉੱਥੇ ਲੈ ਆਏ। ਅਤੇ ਉਹ ਉਸੇ ਤਰ੍ਹਾਂ ਧਾਰਮਿਕ ਸਨ, ਅਤੇ ਉਸੇ ਤਰ੍ਹਾਂ ਦੇ ਧਰਮ ਨਾਲ, ਉਹ ਉਸੇ ਪਰਮੇਸ਼ੁਰ ਦੀ ਅਰਾਧਨਾ ਕਰਦੇ ਸਨ। ਓਹਨਾਂ ਨੇ ਕਿਹਾ, "ਹੇਠਾਂ ਉਸ ਕੂੜੇ ਦੇ ਝੁੰਡ ਨੂੰ ਦੇਖੋ। ਕਿਉਂਕਿ, ਉਹਨਾਂ ਕੋਲ ਕੋਈ ਸੰਪਰਦਾ ਵੀ ਨਹੀਂ ਹੈ। ਉਹ ਕੁਝ ਵੀ ਨਹੀਂ ਹਨ ਪਰ ਅਨਾੜੀ, ਚੀਕਣ ਵਾਲੇ, ਪਵਿੱਤਰ ਪਖੰਡੀਆਂ ਦਾ ਝੁੰਡ ਹਨ।"

201 ਕੀ ਇਹ ਸਹੀ ਹੈ? ਬਿਲਕੁਲ, ਉਹ ਸਨ। ਜੇ ਤੁਸੀਂ ਵਿਸ਼ਵਾਸ ਨਹੀਂ ਕਰਦੇ ਹੋ ਕਿ ਉਹ ਪਵਿੱਤਰ ਪਖੰਡੀ ਸਨ, ਤਾਂ ਉਤਪਤ ਵਿੱਚ ਵਾਪਸ ਜਾਓ ਅਤੇ ਪਤਾ ਕਰੋ ਜਦੋਂ ਉਹ ਪਾਰ ਗਏ ਸਨ। ਅਤੇ ਇੱਕ ਅਚਰਜ ਕੰਮ ਕੀਤਾ ਗਿਆ

ਸੀ, ਅਤੇ ਮਿਰਯਮ ਨੇ ਇੱਕ ਡਫਲੀ ਫੜੀ ਅਤੇ ਕਿਨਾਰੇ ਤੇ ਚਲੀ ਗਈ, ਇਸ ਨੂੰ ਵਜਾਉਂਦੀ ਹੋਈ; ਆਤਮਾ ਵਿੱਚ ਨੱਚਦੀ ਹੋਈ, ਅਤੇ ਮੂਸਾ ਆਤਮਾ ਵਿੱਚ ਗਾ ਰਿਹਾ ਸੀ। ਕੀ ਉਹ ਝੁੰਡ ਨਹੀਂ ਸੀ ਜਿਸ ਨੂੰ ਅਸੀਂ ਕਹਿੰਦੇ ਹਾਂ ਅਜ਼ਾਦ… ਪਵਿੱਤਰ ਪਖੰਡੀ, ਮੈਂ ਨਹੀਂ ਜਾਣਦਾ ਕਿ ਕੀ ਹੈ; ਗਾਉਣਾ ਅਤੇ ਉੱਛਲਣਾ ਅਤੇ ਉਸਤਤ ਕਰਨਾ। ਅਤੇ ਸਾਰੀਆਂ ਕੌਮਾਂ ਨੇ ਹਰ ਸਮੇਂ ਉਨ੍ਹਾਂ ਨਾਲ ਨਫ਼ਰਤ ਕੀਤੀ, ਪਰ ਪਰਮੇਸ਼ੁਰ ਉਨ੍ਹਾਂ ਦੇ ਨਾਲ ਸੀ। ਉਨ੍ਹਾਂ ਕੋਲ ਆਤਮਿਕ ਪ੍ਰਕਾਸ਼ਣ ਸੀ, ਉਹ ਉਸ ਅੱਗ ਦੇ ਥੰਮ੍ਹ ਦਾ ਪਿੱਛਾ ਕਰ ਰਹੇ ਸਨ।

202 ਅਤੇ ਮੋਆਬ ਨੇ ਕਿਹਾ, "ਹੁਣ, ਇੱਥੇ ਦੇਖੋ। ਅਸੀਂ ਸਾਰੇ ਕਾਰਡੀਨਲ ਅਤੇ ਸਾਰੇ ਬਿਸ਼ਪਾਂ ਨੂੰ ਬੁਲਾਵਾਂਗੇ, ਅਤੇ ਸਾਰੇ ਪ੍ਰੇਸਬੀਟਰ, ਅਤੇ ਉਹਨਾਂ ਨੂੰ ਇੱਥੇ ਲੈ ਆਵਾਂਗੇ। ਅਸੀਂ ਇਸ ਬਾਰੇ ਕੁਝ ਕਰਾਂਗੇ, ਕਿਉਂਕਿ ਅਸੀਂ ਇੱਕ ਧਾਰਮਿਕ ਕੌਮ ਹਾਂ। ਅਸੀਂ ਉਸ ਪ੍ਰਚਾਰ ਨੂੰ ਸਾਡੀ ਵਧੀਆ ਸੰਸਥਾ ਵਿੱਚ ਰਲਣ ਨਹੀਂ ਦੇਵਾਂਗੇ।"

203 ਅਤੇ ਇਸ ਲਈ ਉਹ ਉਨ੍ਹਾਂ ਨੂੰ ਉੱਥੇ ਲੈ ਆਏ। ਅਤੇ ਉਨ੍ਹਾਂ ਨੇ ਬਾਰਾਂ ਜਗਵੇਦੀਆਂ ਬਣਾਈਆਂ; ਇਹ ਬਿਲਕੁਲ ਉਹੀ ਸੀ ਜੋ ਇਜ਼ਰਾਈਲ ਕੋਲ ਸੀ, ਬਾਰਾਂ ਜਗਵੇਦੀਆਂ। ਉਹਨਾਂ ਇਸ ਉੱਤੇ ਬਾਰਾਂ ਬਲੀਆਂ ਰੱਖੀਆਂ, ਬਲਦ; ਬਿਲਕੁਲ ਉਹੀ ਜੋ ਇਸਰਾਏਲ ਕੋਲ ਸੀ, ਜੋ ਪਰਮੇਸ਼ੁਰ ਦੀ ਮੰਗ ਸੀ। ਉਨ੍ਹਾਂ ਨੇ ਇਸ ਉੱਤੇ ਬਾਰਾਂ ਭੇਡਾਂ ਰੱਖੀਆਂ, ਜੋ ਪ੍ਰਭੂ ਯਿਸੂ ਮਸੀਹ ਦੇ ਆਉਣ ਨੂੰ ਦਰਸਾਉਂਦੀਆਂ ਹਨ; ਦੋਹਾਂ ਥਾਵਾਂ ਤੇ ਬਾਰਾਂ ਭੇਡਾਂ।

204 ਸਾਰੀਆਂ ਮਸ਼ਹੂਰ ਹਸਤੀਆਂ, ਬਿਸ਼ਪ ਅਤੇ ਸਾਰੇ, ਆਲੇ ਦੁਆਲੇ ਖੜੇ ਸਨ। ਉਨ੍ਹਾਂ ਨੇ ਬਲੀ ਨੂੰ ਅੱਗ ਦਿੱਤੀ। ਉਨ੍ਹਾਂ ਨੇ ਪ੍ਰਾਰਥਨਾ ਕੀਤੀ, ਉਨ੍ਹਾਂ ਨੇ ਯਹੋਵਾਹ ਅੱਗੇ ਹੱਥ ਅੱਡੇ ਅਤੇ ਕਿਹਾ, "ਯਹੋਵਾਹ, ਸਾਡੀ ਸੁਣ!" ਉਹ ਕੀ ਕਰਨ ਦੀ ਕੋਸ਼ਿਸ਼ ਕਰ ਰਹੇ ਸਨ? ਅਤੇ ਉਨ੍ਹਾਂ ਦਾ ਬੁੱਢਾ ਬਿਲਆਮ ਇਸ ਤਰ੍ਹਾਂ ਅੱਗੇ ਵੱਧਿਆ, ਅਤੇ ਆਤਮਾ ਉਸ ਉੱਤੇ ਉਤਰਿਆ। ਯਕੀਨਨ (ਪਰ ਉਹ ਇੱਕ ਸਰੀਰਕ ਸੀ)।

205 ਆਤਮਾ ਇੱਕ ਪਖੰਡੀ ਉੱਤੇ ਵੀ ਉਤਰ ਸਕਦਾ ਹੈ, ਬਾਈਬਲ ਨੇ ਕਿਹਾ। ਤੁਸੀਂ ਮੈਨੂੰ ਇਹ ਸਿਖਾਉਂਦੇ ਹੋਏ ਸੁਣਿਆ ਹੈ, ਹੁਣ। "ਮੀਂਹ ਧਰਮੀ ਤੇ ਅਧਰਮੀ ਦੋਹਾਂ ਉੱਤੇ ਪੈਂਦਾ ਹੈ।" ਪਰ ਇਸ ਨੂੰ ਵਚਨ ਨਾਲ ਮੇਲ ਖਾਣਾ ਚਾਹੀਦਾ ਹੈ, ਉੱਥੇ ਹੀ ਤੁਸੀਂ ਇਸਨੂੰ ਪ੍ਰਾਪਤ ਕਰਦੇ ਹੋ।

206 ਫਿਰ ਜਦੋਂ ਉਸਨੇ ਇਹ ਕੀਤਾ, ਅਤੇ…ਜਦੋਂ ਆਤਮਾ ਨੇ, ਭਾਵੇਂ, ਉਸ ਉੱਤੇ ਸੱਚ ਦੱਸਿਆ, ਉਸਨੇ ਇਸਰਾਏਲ ਨੂੰ ਸਰਾਪ ਦੇਣ ਦੀ ਕੋਸ਼ਿਸ਼ ਕੀਤੀ, ਅਤੇ ਉਸਨੇ ਇਸਰਾਏਲ ਨੂੰ ਅਸੀਸ ਦਿੱਤੀ।

207 ਹੁਣ, ਜੇ ਪਰਮੇਸ਼ੁਰ ਇੱਕ ਚੰਗੀ ਕਲੀਸਿਯਾ, ਅਤੇ ਇੱਕ ਚੰਗੇ ਬਿਸ਼ਪ, ਅਤੇ ਇੱਕ ਸ਼ਾਨਦਾਰ ਪਾਸਟਰ ਦਾ ਆਦਰ ਕਰਦਾ ਹੈ, ਲੋਕਾਂ ਦੇ ਇੱਕ ਵਿਦਵਾਨ ਝੁੰਡ ਦਾ, ਤਾਂ ਉਹ ਉਸ ਬਲੀਦਾਨ ਨੂੰ ਸਵੀਕਾਰ ਕਰਨ ਲਈ ਪਾਬੰਦ ਸੀ, ਕਿਉਂਕਿ ਉਹ ਬੁਨਿਆਦੀ ਤੌਰ ਤੇ ਉਨਾ ਹੀ ਸਹੀ ਸੀ ਜਿੰਨਾ ਇਜ਼ਰਾਈਲ ਸਹੀ ਸੀ; ਪਰ ਉਸ ਕੋਲ ਵਚਨ ਅਤੇ ਪਰਮੇਸ਼ੁਰ ਦੀ ਇੱਛਾ ਦਾ ਆਤਮਿਕ ਪ੍ਰਕਾਸ਼ਣ ਨਹੀਂ ਸੀ। ਉੱਥੇ ਤੁਸੀਂ ਹੋ, ਅੱਜ ਇਸੇ ਗੱਲ ਦਾ ਫਰਕ ਹੈ।

208 ਯਿਸੂ ਨੂੰ ਦੇਖੋ। ਓਹਨਾਂ ਨੇ ਕਿਹਾ, "ਉਸ ਆਦਮੀ ਤੋਂ ਦੂਰ ਰਹੋ। ਅਸੀਂ ਜਾਣਦੇ ਹਾਂ ਕਿ ਉਹ ਸਾਮਰੀ ਹੈ। ਉਹ ਪਾਗਲ ਹੈ। ਕੀ ਤੂੰ ਸਾਨੂੰ ਸਿਖਾਏਂਗਾ? ਅੱਛਾ, ਤੂੰ ਜਿਹੜਾ ਵਿਭਚਾਰ ਵਿੱਚ ਪੈਦਾ ਹੋਇਆ ਸੀ। ਤੂੰ ਇੱਕ ਨਾਜਾਇਜ਼ ਬਾਲਕ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਸੀ। ਤੇਰਾ ਪਿਤਾ ਕੌਣ ਹੈ? ਤੂੰ ਕਹਿੰਦਾ ਹੈ ਕਿ ਪਰਮੇਸ਼ੁਰ ਤੇਰਾ ਪਿਤਾ ਹੈ, ਤੂੰ ਕੁਫ਼ਰ ਬਕਦਾ ਹੈਂ! ਕਿਉਂ, ਤੂੰ ਸਾਨੂੰ ਦੱਸਣਾ ਚਾਹੁੰਦਾ ਹੈਂ? ਅਸੀਂ ਪ੍ਰਚਾਰਕ ਰਹੇ ਹਾਂ, ਅਸੀਂ ਬਿਸ਼ਪ ਰਹੇ ਹਾਂ; ਸਾਡੇ ਪਿਛਲੇ-ਪਿਛਲੇ-ਪਿਛਲੇ-ਪਿਛਲੇ-ਪਿਛਲੇ-ਪਿਛਲੇ-ਪਿਛਲੇ-ਦਾਦੇ ਪਰਦਾਦੇ ਪ੍ਰਚਾਰਕ ਅਤੇ ਬਿਸ਼ਪ ਰਹੇ ਹਨ। ਸਾਡਾ ਜਨਮ ਅਤੇ ਪਾਲਣ ਪੋਸ਼ਣ ਕਲੀਸਿਯਾ ਵਿੱਚ ਹੋਇਆ ਸੀ। ਅਸੀਂ ਸਭ ਤੋਂ ਉੱਚੇ ਸਿੱਖਿਆ ਸੰਸਥਾਨ ਵਿੱਚੋਂ ਆਏ ਹਾਂ। ਅਸੀਂ ਅੱਖਰ ਦਰ ਅੱਖਰ ਹਰੇਕ ਵਚਨ ਨੂੰ ਜਾਣਦੇ ਹਾਂ। ਅਤੇ ਤੂੰ ਸਾਨੂੰ ਸਿਖਾਉਣ ਦੀ ਕੋਸ਼ਿਸ਼ ਕਰਦਾ ਹੈਂ? ਤੂੰ ਕਦੇ ਕਿਸੇ ਸਕੂਲ ਗਿਆ ਹੈਂ? ਤੈਨੂੰ ਇਹ ਸਿੱਖਿਆ ਕਿੱਥੋਂ ਮਿਲੀ?"

209 ਉਸ ਨੇ ਕਿਹਾ, "ਤੁਸੀਂ...ਤੁਹਾਡੇ ਪਿਤਾ ਸ਼ੈਤਾਨ ਤੋਂ ਹੋ," ਯਿਸੂ ਨੇ ਕਿਹਾ।

210 ਉਨ੍ਹਾਂ ਵਿੱਚ ਕੋਈ ਨਿਸ਼ਾਨ ਅਤੇ ਅਚੰਭੇ ਨਹੀਂ ਸਨ। ਉਹਨਾਂ ਵਿੱਚ ਕੋਈ ਦੈਵਿਕ ਚੰਗਾਈ ਅਤੇ ਚੀਜ਼ਾਂ ਨਹੀਂ ਸਨ। ਉਹਨਾਂ ਵਿੱਚਕਾਰ ਕੋਈ ਅਸੀਸ ਨਹੀਂ ਸੀ। ਪਰ ਯਿਸੂ ਲਿਖਤਾਂ ਦਾ ਇੱਕ ਸਰਾਸਰ ਆਤਮਿਕ ਪ੍ਰਕਾਸ਼ਣ ਸੀ।

211 ਉਨ੍ਹਾਂ ਨੇ ਕਿਹਾ, "ਕਿਉਂ, ਇਹ *ਅਜਿਹਾ-ਅਤੇ-ਅਜਿਹਾ* ਲਿਖਿਆ ਹੋਇਆ ਹੈ।"

212 ਅਤੇ ਯਿਸੂ ਨੇ ਕਿਹਾ, "ਹਾਂ, ਅਤੇ ਇਹ ਵੀ ਲਿਖਿਆ ਹੋਇਆ ਹੈ।" ਪਰ ਪਰਮੇਸ਼ੁਰ ਨੇ ਆਪਣੇ ਨਿਸ਼ਾਨਾਂ ਦੁਆਰਾ ਆਪਣੇ ਆਦਮੀ ਨੂੰ ਪ੍ਰਮਾਣਿਤ ਕੀਤਾ।

213 ਪਤਰਸ ਨੇ ਇਹੀ ਗੱਲ ਕਹੀ, ਰਸੂਲਾਂ ਦੇ ਕਰਤੱਬ 2 ਵਿੱਚ, ਉਸਨੇ ਕਿਹਾ, "ਹੇ ਇਸਰਾਏਲ ਦੇ ਲੋਕੋ; ਯਿਸੂ ਨਾਸਰੀ, ਤੁਹਾਡੇ ਵਿਚਕਾਰ ਇੱਕ ਮਨੁੱਖ ਸੀ ਜੋ ਪਰਮੇਸ਼ੁਰ ਵੱਲੋਂ ਪਰਵਾਨ ਸੀ, ਉਨ੍ਹਾਂ ਕਰਾਮਾਤਾਂ ਅਤੇ ਅਚੰਭਿਆਂ ਅਤੇ ਨਿਸ਼ਾਨੀਆਂ ਨਾਲ ਜੋ ਪਰਮੇਸ਼ੁਰ ਨੇ ਉਸ ਦੇ ਹੱਥੀਂ ਤੁਹਾਡੇ ਵਿੱਚ ਵਿਖਾਲੀਆਂ, ਅਤੇ ਜੋ ਤੁਸੀਂ ਆਪ ਜਾਣਦੇ ਹੋ।" (ਉੱਥੇ ਹੋ ਤੁਸੀਂ) "ਉਸ ਨੂੰ ਦੇ ਦਿੱਤਾ

ਗਿਆ…ਅੱਗੇ-…ਉਥੇ ਵੱਡੀ ਮਹਾਸਭਾ ਪਰਿਸ਼ਦ ਦੁਆਰਾ। ਪਰ ਪਰਮੇਸ਼ੁਰ ਦੇ ਪੂਰਵ ਗਿਆਨ ਦੁਆਰਾ, ਪਰਮੇਸ਼ੁਰ ਨੇ ਉਸਨੂੰ ਇਸ ਮੌਤ ਨਾਲ ਮਰਨ ਲਈ ਪਹਿਲਾਂ ਤੋਂ ਠਹਿਰਾਇਆ ਸੀ। ਤੁਸੀਂ ਉਸਨੂੰ ਬੇਰਹਿਮ ਅਤੇ ਦੁਸ਼ਟ ਹੱਥਾਂ ਵਿੱਚ ਸੌਂਪ ਦਿੱਤਾ। ਤੁਸੀਂ ਜੀਵਨ ਦੇ ਰਾਜਕੁਮਾਰ ਨੂੰ ਸਲੀਬ ਤੇ ਚਾੜ੍ਹਿਆ ਹੈ, ਜਿਸ ਨੂੰ ਪਰਮੇਸ਼ੁਰ ਨੇ ਜਿਉਂਦਾ ਕੀਤਾ ਹੈ। ਅਤੇ ਅਸੀਂ ਇਸ ਦੇ ਗਵਾਹ ਹਾਂ।"

214 ਵਾਹ, ਕਿਹੋ ਜਿਹਾ ਪ੍ਰਚਾਰਕ ਹੈ! ਨਹੀਂ…ਉਹ ਤਾਂ ਆਪਣੇ ਨਾਮ ਦੇ ਦਸਤਖਤ ਵੀ ਨਹੀਂ ਕਰ ਸਕਦਾ ਸੀ, ਪਰ ਉਹ ਪਰਮੇਸ਼ੁਰ ਨੂੰ ਜਾਣਦਾ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ "ਉਸ ਨੂੰ ਪਛਾਣ ਲਿਆ ਕਿ ਉਹ ਯਿਸੂ ਦੇ ਨਾਲ ਰਿਹਾ ਸੀ।" ਯਕੀਨਨ, ਇਹ ਇੱਕ ਆਤਮਿਕ ਪ੍ਰਕਾਸ਼ਣ ਹੈ। ਔਹ, ਮੇਰੇ। ਹੁਣ, ਤੁਸੀਂ ਉੱਥੇ ਹੋ।

215 ਕਾਇਨ ਉਸੇ ਲਕੀਰ ਤੇ ਸੀ, ਉਹ ਸਰੀਰਕ ਕਲੀਸਿਯਾ ਅੱਜ ਉਸੇ ਲਕੀਰ ਤੇ ਹੈ। ਆਤਮਿਕ ਕਲੀਸਿਯਾ ਕੋਲ ਅਜੇ ਵੀ ਅੱਗ ਦਾ ਥੰਮ੍ਹ ਹੈ, ਅਜੇ ਵੀ ਚਿੰਨ੍ਹ ਹਨ, ਅਚੰਭੇ ਹਨ, ਅਜੇ ਵੀ ਉਹੀ ਮਸੀਹ ਹੈ; ਜੋ ਮਰਦੇ ਹੋਏ ਲੇਲੇ ਤੋਂ ਲੈ ਕੇ ਪ੍ਰਮਾਣਿਤ ਕਰਦਾ ਹੈ, ਅਤੇ ਅਦਨ ਦੇ ਬਾਗ਼ ਤੋਂ, ਲੇਲੇ ਦੀ ਦੂਸਰੀ ਆਮਦ ਤੱਕ। ਬਿਲਕੁਲ, ਕੱਲ੍ਹ, ਅੱਜ, ਅਤੇ ਸਦਾ ਲਈ ਇੱਕੋ ਜਿਹਾ।

216 ਅਤੇ ਕਾਇਨ ਦੀ ਉਹ ਪੀੜ੍ਹੀ, ਧਾਰਮਿਕ ਹੈ ਅਤੇ ਪਾਲਿਸ਼ ਕੀਤੀ ਹੋਈ ਅਤੇ ਵਿਦਵਾਨ ਹੈ, ਉਸੇ ਤਰ੍ਹਾਂ ਹੇਠਾਂ ਤੀਕ; ਬੱਸ ਉਸੇ ਤਰ੍ਹਾਂ, ਹਰ ਦਿਨ ਬਸ ਉਸੇ ਤਰ੍ਹਾਂ। ਨਿੰਦਾ ਕਰਨ ਵਾਲੇ ਅਤੇ ਸਤਾਉਣ ਵਾਲੇ, ਜਿਵੇਂ ਕਾਇਨ ਹਾਬਲ ਦਾ ਸੀ, ਉਸੇ ਤਰ੍ਹਾਂ ਅੱਜ ਵੀ ਹਨ, ਅਤੇ ਉਹ ਰਹੇ ਹਨ ਅਤੇ ਹਮੇਸ਼ਾ ਰਹਿਣਗੇ; ਸਰੀਰਕ, ਅਵਿਸ਼ਵਾਸੀ। ਇਹ ਠੀਕ ਹੈ।

217 ਹੁਣ ਉਤਪਤ 3:8, ਅਤੇ ਮੈਂ ਇੱਥੇ 20 ਆਇਤ ਵੀ ਰੱਖੀ ਹੋਈ ਹੈ, ਮੈਂ ਕੁਝ ਸਮਾਂ ਪਹਿਲਾਂ ਦੇਖ ਰਿਹਾ ਸੀ:

> *ਅਤੇ ਆਦਮੀ ਨੇ…ਆਪਣੀ ਪਤਨੀ ਦਾ ਨਾਮ…ਹੱਵਾਹ ਰੱਖਿਆ; ਏਸ ਲਈ ਕਿ ਉਹ ਸਾਰੇ ਜੀਉਂਦਿਆਂ ਦੀ ਮਾਤਾ ਹੈ।* (ਵੇਖੋ, ਇਹ ਉਸ ਤੋਂ ਬਾਅਦ ਹੋਇਆ ਜਦੋਂ ਉਹ ਭਰਮਾਈ ਗਈ ਸੀ)

218 ਕਾਇਨ ਸੀ…"ਹੁਣ ਰੁਕੋ!" ਤੁਸੀ ਕਹੋਗੇ, "ਸੱਪ ਕਿਵੇਂ ਕਰ ਸਕਦਾ ਹੈ, ਇੱਕ ਸੱਪ?"

219 ਪਰ, ਭਾਈ, ਇੱਥੇ ਦੇਖੋ, ਬਾਈਬਲ ਇਹ ਨਹੀਂ ਕਹਿੰਦੀ ਕਿ ਉਹ ਇੱਕ ਸੱਪ ਸੀ; ਬਾਈਬਲ ਕਹਿੰਦੀ ਹੈ, "ਉਹ ਮੈਦਾਨ ਦੇ ਸਾਰੇ ਜਾਨਵਰਾਂ ਵਿੱਚੋਂ ਸਭ ਤੋਂ ਚਾਤਰ ਸੀ।" ਉਹ ਇੱਕ ਘਿਸਰਣ ਵਾਲਾ ਜੀਵ ਨਹੀਂ ਸੀ, ਉਹ ਇੱਕ ਜਾਨਵਰ ਸੀ। ਉਹ ਇੱਕ ਸੀ…ਅਤੇ ਉੱਥੇ…

220 ਅਤੇ ਜੇਕਰ ਤੁਸੀਂ ਚਾਹੁੰਦੇ ਹੋ, ਤਾਂ ਮੈਂ ਇਸ ਨੂੰ ਸਾਡੇ ਵਿਚਕਾਰ ਇੱਕ ਛੋਟੇ ਜਿਹੇ ਚਿਨ੍ਹ ਵਜੋਂ ਦਿਆਂਗਾ। ਇਹ ਉਹ ਥਾਂ ਹੈ ਜਿੱਥੇ ਵਿਗਿਆਨ ਪੂਰਾ ਉਲਝਿਆ ਹੋਇਆ ਹੈ। ਮਨੁੱਖ ਦੇ ਸਭ ਤੋਂ ਜਿਆਦਾ ਨਜ਼ਦੀਕੀ ਚੀਜ਼ ਜੋ ਉਹ ਲੱਭ ਸਕੇ ਹਨ, ਉਹ ਇੱਕ ਚਿੰਪਾਜ਼ੀ ਹੈ। ਕਿੰਨੇ ਲੋਕ ਇਹ ਜਾਣਦੇ ਹਨ? ਪਰ ਉਨ੍ਹਾਂ ਦੇ ਵਿਚਕਾਰ ਕੁਝ ਤਾਂ ਹੈ। ਉਹ ਚਿੰਪਾਂਜ਼ੀ ਦੀਆਂ ਹੱਡੀਆਂ ਨੂੰ ਮਨੁੱਖ ਦੀਆਂ ਹੱਡੀਆਂ ਨਾਲ ਨਹੀਂ ਮਿਲਾ ਸਕਦੇ, ਫਿਰ ਵੀ ਇਹ ਸਭ ਤੋਂ ਨਜ਼ਦੀਕੀ ਚੀਜ਼ ਹੈ। ਉਹ ਉਸਨੂੰ ਡੱਡੂ ਦੇ ਬੱਚੇ ਵਿੱਚੋਂ ਲਿਆ ਸਕਦੇ ਹਨ। ਉਹ ਉਸਨੂੰ ਡੱਡੂ ਦੇ ਲਾਰਵੇ ਤੋਂ ਲਿਆ ਸਕਦੇ ਹਨ। ਉਹ ਉਸਨੂੰ ਜਾਨਵਰ ਅਤੇ ਹਰ ਜਾਨਵਰ ਤੱਕ ਲਿਆ ਸਕਦੇ ਹਨ। ਉਹ ਉਸਨੂੰ ਰਿੱਛ ਤਕ ਲਿਆ ਸਕਦੇ ਹਨ। ਤੁਸੀਂ ਇੱਕ ਰਿੱਛ ਨੂੰ ਲੈ ਕੇ ਅਤੇ ਇਸਦੀ ਚਮੜੀ ਨੂੰ ਲਾਹ ਦਿਓ, ਇਹ ਬਿਲਕੁਲ ਇੱਕ ਛੋਟੀ ਔਰਤ ਵਾਂਗ ਹੈ। ਬਸ ਉਹੀ ਚੀਜ ਹੈ। ਵਾਪਸ ਉਸਨੂੰ ਲਓ ਅਤੇ ਸਭ ਕੁਝ, ਉਹਨਾਂ ਨੂੰ ਉੱਥੇ ਖੜ੍ਹਾ ਕਰੋ, ਅਤੇ ਉੱਪਰ ਜਾ ਕੇ ਔਰਤ ਨੂੰ...ਔਰਤ ਨੂੰ ਇਸ ਤਰ੍ਹਾਂ ਖੜ੍ਹਾ ਕਰੋ। ਇਹ ਬਸ ਇੱਕ—ਇੱਕ—ਇੱਕ ਇੱਕ ਰਿੱਛ ਦੇ ਵਾਂਗ ਹੈ। ਪੈਰ ਉਵੇਂ ਹੀ ਚੱਲਦੇ ਹਨ, ਅਤੇ ਹੱਥ ਵੀ ਉਸੇ ਤਰ੍ਹਾਂ ਚੱਲਦੇ ਹਨ, ਬਸ ਇੱਕ ਮਨੁੱਖ ਵਾਂਗ। ਪਰ ਇੱਕ ਚਿੰਪਾਜ਼ੀ ਉਸ ਤੋਂ ਜਿਆਦਾ ਨੇੜੇ ਹੈ। ਇਹ ਲਗਭਗ ਉਸੇ ਤਰ੍ਹਾਂ ਹੈ, ਪਰ ਉਹ ਇਸਨੂੰ ਨਹੀਂ ਲੱਭ ਸਕਦੇ।

221 ਇੱਥੇ ਇੱਕ ਛੋਟੀ ਜਿਹੀ ਭੇਤ ਦੀ ਗੱਲ ਹੈ, ਜੇਕਰ ਤੁਸੀਂ ਇਸ ਨੂੰ ਜਾਣਨਾ ਚਾਹੁੰਦੇ ਹੋ। ਤੁਸੀਂ ਜਾਣਦੇ ਹੋ ਕਿ ਇਹ ਕਿੱਥੇ ਹੈ? ਇਹ ਉਹਨਾਂ ਤੋਂ ਲੁਕਿਆ ਹੋਇਆ ਹੈ। ਉਹ ਜੇ ਚਾਹਣ ਤਾਂ ਸਾਰੀਆਂ ਹੱਡੀਆਂ ਖੋਦ ਸਕਦੇ ਹਨ। ਉਹ ਖੁਦਾਈ ਕਰ ਸਕਦੇ ਹਨ...ਮੂਰਤੀਕਾਰ ਖੁਦਾਈ ਕਰ ਸਕਦੇ ਹਨ, ਅਤੇ ਵਿਗਿਆਨ, ਅਤੇ—ਅਤੇ ਕਾਲ-ਵਿਗਿਆਨੀ ਪਰਮਾਣੂ ਮਾਪਾਂ ਨਾਲ ਸਮੇਂ ਦੇ ਪੈਮਾਨੇ ਨੂੰ ਮਾਪ ਸਕਦਾ ਹੈ, ਪਰ ਉਹ ਇਸਨੂੰ ਕਦੇ ਨਹੀਂ ਫੜ ਸਕਣਗੇ। ਕਿਉਂਕਿ ਇਹ ਉਹ ਸੱਪ ਸੀ ਜੋ ਧਰਤੀ ਉੱਤੇ ਕਿਸੇ ਵੀ ਚੀਜ ਨਾਲ ਵੱਧ ਕੇ ਮਨੁੱਖ ਵਰਗਾ ਸੀ, ਅਤੇ ਪਰਮੇਸ਼ੁਰ ਨੇ ਉਸਨੂੰ ਸਰਾਪ ਦਿੱਤਾ ਅਤੇ ਉਸਨੂੰ ਉਸਦੇ ਢਿੱਡ ਭਾਰ ਪਾ ਦਿੱਤਾ, ਅਤੇ ਉਹ ਇੱਕ ਸੱਪ ਵਿੱਚ ਬਦਲ ਗਿਆ ਜੋ ਮਨੁੱਖ ਵਰਗਾ ਬਿਲਕੁਲ ਦਿਖਾਈ ਨਹੀਂ ਦਿੰਦਾ। ਹੁਣ ਉਹਨਾਂ ਵਿਗਿਆਨੀਆਂ ਨੂੰ, ਬਸ ਆਪਣਾ ਸਿਰ ਖੁਰਕਣ ਦਿਓ, ਅਤੇ ਉਹਨਾਂ ਨੂੰ ਕੁਝ ਸਮੇਂ ਲਈ ਅਜਿਹਾ ਕਰਨ ਦਿਓ।

222 ਪਰ ਬਾਈਬਲ ਦੱਸਦੀ ਹੈ ਕਿ, "ਉਹ ਮੈਦਾਨ ਦੇ ਸਾਰੇ ਜਾਨਵਰਾਂ ਵਿੱਚੋਂ ਸਭ ਤੋਂ ਚਾਤਰ ਸੀ।" ਇਹ ਠੀਕ ਹੈ। ਉਹ ਉਹੀ ਜੋੜ ਸੀ ਜੋ ਮਨੁੱਖ ਅਤੇ ਬਾਂਦਰ ਵਿਚਕਾਰ ਖੜ੍ਹਾ ਸੀ, ਅਤੇ ਪਰਮੇਸ਼ੁਰ ਨੇ ਉਸ ਨੂੰ ਸਰਾਪ ਦਿੱਤਾ ਅਤੇ ਉਸ ਨੂੰ ਉਸਦੇ ਢਿੱਡ ਭਾਰ ਪਾ ਦਿੱਤਾ ਉਸ—ਉਸ ਕੰਮ ਕਰਕੇ ਜੋ ਉਸਨੇ

ਕੀਤਾ ਸੀ। ਉਸਨੇ ਇਸ ਔਰਤ ਨੂੰ ਭਰਮਾਇਆ, ਅਤੇ ਉਸਨੇ ਆਪਣੇ ਪਹਿਲੇ ਪੁੱਤਰ ਨੂੰ ਜਨਮ ਦਿੱਤਾ ਜੋ ਕਾਇਨ ਸੀ, ਸੱਪ ਦੀ ਆਪਣੀ ਪ੍ਰੇਰਨਾ ਦੇ ਸੁਭਾਅ ਦੇ ਕਰਕੇ, ਸ਼ੈਤਾਨ, ਜੋ ਸੱਪ ਵਿੱਚ ਆ ਗਿਆ, ਉਸਨੇ ਅਜਿਹਾ ਕੀਤਾ।

223 ਅਤੇ ਫਿਰ ਉਹ ਗਰਭਵਤੀ ਹੋਈ ਅਤੇ ਪੈਦਾ ਕੀਤਾ, ਉਹ ਭਰਮਾਏ ਜਾਣ ਤੋਂ ਬਾਅਦ ਦੁਬਾਰਾ ਗਰਭਵਤੀ ਹੋਈ। ਹੁਣ ਦੇਖੋ, ਉਹ ਭਰਮਾਈ ਗਈ, ਉਹ ਲਗਭਗ…ਖੈਰ, ਉਸਨੇ ਗਲਤ ਕੀਤਾ। ਪਰ ਉਹ, ਅਸਲ ਵਿੱਚ, ਜਦੋਂ ਉਹ ਆਪਣੇ ਪਤੀ ਦੁਆਰਾ ਗਰਭਵਤੀ ਹੋਈ ਤਾਂ ਇਹ ਜਾਇਜ ਸੀ, ਕਿਉਂਕਿ ਹੋ ਸਕਦਾ ਹੈ ਇਹ ਕਈ ਵਾਰ, ਕਈ ਵਾਰ ਬਾਅਦ, ਕਈ ਮਹੀਨਿਆਂ ਅਤੇ ਕਈ ਦਿਨਾਂ ਬਾਅਦ ਹੋਇਆ ਹੋਵੇਗਾ; ਤੁਸੀਂ ਇਹ ਨਹੀਂ ਦੱਸ ਸਕਦੇ, ਅਸੀਂ ਨਹੀਂ ਜਾਣਦੇ, ਪਰ ਉਸਨੇ ਆਦਮ ਤੋਂ ਜਨਮ ਦਿੱਤਾ।

224 ਅਤੇ ਕਿਸੇ ਨੇ ਸਵਾਲ ਵੀ ਕੀਤਾ ਸੀ, ਕਿਹਾ, "ਖੈਰ, ਪੁੱਤਰ…ਉਸਨੇ ਕਿਹਾ ਕਿ ਉਹ ਜਾ ਰਹੀ ਸੀ…ਜਦ ਕਾਇਨ ਦਾ ਜਨਮ ਹੋਇਆ ਸੀ, ਉਸਨੇ ਕਿਹਾ 'ਮੈਂ ਇੱਕ ਪੁੱਤਰ ਯਹੋਵਾਹ ਕੋਲੋਂ ਪ੍ਰਾਪਤ ਕੀਤਾ।'" ਬਿਲਕੁਲ, ਯਕੀਨਨ, ਇਹ ਹੋਣਾ ਚਾਹੀਦਾ ਸੀ। ਇਹ ਕੁਦਰਤ ਦਾ ਨਿਯਮ ਸੀ। ਇਹ ਬਿਲਕੁਲ ਉਸੇ ਤਰ੍ਹਾਂ ਹੈ ਜਿਵੇਂ ਤੁਸੀਂ ਅੱਜ ਹੋ। ਜਦੋਂ ਤੁਸੀਂ ਜਨਮ ਲੈਂਦੇ ਹੋ, ਤਾਂ ਪਰਮੇਸ਼ੁਰ ਹੇਠਾਂ ਆ ਕੇ ਤੁਹਾਨੂੰ ਨਹੀਂ ਬਣਾਉਂਦਾ। ਤੁਸੀਂ ਆਪਣੇ ਪਿਤਾ ਅਤੇ ਮਾਤਾ ਦੀ ਸੰਤਾਨ ਹੋ। ਅਤੇ ਤੁਸੀਂ ਇੱਕ ਹੋਵੋਗੇ…ਉੱਥੇ ਇੱਕ ਹੋਵੇਗਾ…ਤੁਹਾਡੇ ਬੱਚੇ ਤੁਹਾਡੀ ਸੰਤਾਨ ਹੋਣਗੇ। ਇਹ ਹਰ ਸਮੇਂ ਇੱਕ ਪ੍ਰਜਨਨ ਹੈ, ਬਿਲਕੁਲ ਹੇਠਾਂ ਤਕ, ਬੀਜ ਦੇ ਰੁੱਖ ਅਤੇ ਇਸ ਤਰ੍ਹਾਂ ਦੀਆਂ ਚੀਜ਼ਾਂ ਵਾਂਗ; ਪਰ ਵਾਪਸ ਅਸਲ ਵੱਲ। ਮੈਨੂੰ ਉਮੀਦ ਹੈ ਕਿ ਇਹ ਇਸ ਦੀ ਵਿਆਖਿਆ ਕਰਦਾ ਹੈ।

225 ਸਾਡੇ ਕੋਲ ਕਿੰਨਾ ਸਮਾਂ ਹੀਂ? ਹੋਰ ਜਿਆਦਾ ਨਹੀਂ ਹੈ। ਅੱਗੇ ਲਈ ਇਸ ਵਧੀਆ ਪ੍ਰਸ਼ਨ ਨੂੰ ਸੁਣੋ…ਜੋ ਅਸੀਂ ਐਤਵਾਰ ਨੂੰ ਲੈ ਰਹੇ ਹਾਂ: "ਇੱਕ ਆਤਮਾ ਦੁਆਰਾ ਸਾਨੂੰ ਇੱਕੋ ਸਰੀਰ ਵਿੱਚ ਬਪਤਿਸਮਾ ਦਿੱਤਾ ਗਿਆ ਹੈ…" (ਅਸੀਂ ਇਹ ਜਾਣਨਾ ਚਾਹੁੰਦੇ ਹਾਂ।) "…ਮਸੀਹ।" ਉਸ ਸਮੇਂ…ਹੁਣ, ਮੈਂ ਸੋਚਦਾ ਹਾਂ ਕਿ ਮੈਂ ਕੁਝ ਵਚਨਾਂ ਨੂੰ ਲਵਾਂ, ਇਸ ਉੱਤੇ ਚੰਗੇ ਵਚਨ [ਭਾਈ ਬ੍ਰਨਹਾਮ ਇਸਦਾ ਉੱਤਰ ਭਾਗ II, ਪ੍ਰਸ਼ਨ 60 ਵਿੱਚ ਦਿੰਦੇ ਹਨ—ਸੰਪਾ.]।

226 ਇੱਥੇ ਇੱਕ ਚੰਗਾ ਹੈ, ਜਿਵੇਂ ਕਿ…ਕੀ ਤੁਸੀਂ ਇਸ ਦਾ ਉੱਤਰ ਦੇਣ ਲਈ, ਮੈਨੂੰ ਸਿਰਫ਼ ਇੱਕ ਜਾਂ ਦੋ ਮਿੰਟ ਹੋਰ ਸਹਿਣ ਕਰੋਗੇ? ਇਹ ਆਪ ਹੀ ਆਪਣਾ ਜਵਾਬ ਦੇ ਸਕਦਾ ਹੈ।

59. **ਜਦੋਂ—ਜਦੋਂ ਤੁਸੀਂ ਕਹਿੰਦੇ ਹੋ "ਦੁਸ਼ਟ ਅਨੰਤ ਕਾਲ ਲਈ ਨਹੀਂ ਸੜਨਗੇ,"…** (ਠੀਕ ਹੈ, ਹੁਣ ਮੈਂ ਯਹੋਵਾਹ ਵਿੱਟਨੈਸ ਵਾਲਿਆਂ ਨੂੰ ਭਜਾ

ਦਿੱਤਾ ਹੈ, ਹੈ ਨਾ?) ...**ਜਦੋਂ ਤੁਸੀਂ ਕਹਿੰਦੇ ਹੋ ਕਿ ਦੁਸ਼ਟ ਸਦਾ ਲਈ ਨਹੀਂ ਸੜੇਗਾ, ਕੀ ਤੁਹਾਡਾ ਮਤਲਬ ਨਰਕ ਵਿੱਚ ਹੈ ਜਾਂ ਅੱਗ ਦੀ ਝੀਲ ਵਿੱਚ ਹੈ? ਮੈਨੂੰ ਪਤਾ ਹੈ ਕਿ ਇਹ ਪਰਕਾਸ਼ ਦੀ ਪੋਥੀ ਵਿੱਚ ਲਿਖਿਆ ਹੈ** (ਇਹ 20ਵਾਂ ਅਧਿਆਇ ਹੈ) **ਕਿ ਨਰਕ ਨੂੰ ਅੱਗ ਦੀ ਝੀਲ ਵਿੱਚ ਸੁੱਟ ਦਿੱਤਾ ਜਾਵੇਗਾ। ਜੇ ਉਹ ਅਨੰਤ ਕਾਲ ਲਈ ਨਹੀਂ ਸੜਨਗੇ, ਤਾਂ ਉਹਨਾਂ ਦਾ ਕੀ ਹੋਵੇਗਾ?**

227 ਜਿਵੇਂ ਮੈਂ ਹੁਣੇ ਹੀ ਇਹ ਕਹਿ ਕੇ ਹਟਿਆ ਸੀ, ਭਾਈ ਜਾਂ ਭੈਣ, ਇਹ ਜੋ ਕੋਈ ਵੀ ਸੀ; ਉਹ ਅਲੋਪ ਹੋ ਜਾਂਦੇ ਹਨ, ਉਹਨਾਂ ਦਾ ਕੁਝ ਨਹੀਂ ਰਹਿੰਦਾ। ਉਹਨਾਂ ਦੀ ਇੱਕ ਸ਼ੁਰੂਆਤ ਸੀ, ਅਤੇ ਉਹਨਾਂ ਦਾ ਉੱਥੇ ਅੰਤ ਹੋ ਜਾਂਦਾ ਹੈ; ਉਹ ਬਸ ਖਤਮ ਹੋ ਜਾਂਦੇ ਹਨ। ਕਿਵੇਂ ਹੋਵੇਗਾ...ਉਹ ਕਿੰਨਾ ਚਿਰ ਸੜਨਗੇ, ਇਹ ਕਹਿਣਾ ਮੁਸ਼ਕਿਲ ਹੈ। ਪਰ, ਵੇਖੋ, ਉੱਥੇ...

228 ਜੇਕਰ ਤੁਸੀਂ ਇਸ ਨੂੰ ਆਪਣੇ ਮਨ ਵਿੱਚ ਲੈ ਸਕਦੇ ਹੋ, ਤਾਂ ਦੇਖੋ, ਇਹ ਬਹੁਤ ਸਧਾਰਨ ਹੈ। ਉੱਥੇ ਕੇਵਲ ਇੱਕ ਹੀ ਪ੍ਰਕਾਰ ਦਾ ਅਨੰਤ ਜੀਵਨ ਹੈ, ਅਤੇ ਇਹ ਖੁਦ ਪਰਮੇਸ਼ੁਰ ਤੋਂ ਆਉਂਦਾ ਹੈ। ਅਤੇ ਕੇਵਲ ਪਰਮੇਸ਼ੁਰ ਹੀ ਅਨੰਤ ਜੀਵਨ ਹੈ। ਜੇਕਰ ਤੁਸੀਂ ਬਸ ਇੱਥੇ ਸ਼ਬਦਕੋਸ਼ ਵਿੱਚ ਵੇਖੋਗੇ, ਤਾਂ ਯੂਨਾਨੀ ਸ਼ਬਦ *ਜ਼ੋਈ* ਨੂੰ ਦੇਖੋ। *ਜ਼ੋਈ* "ਅਨੰਤ ਜੀਵਨ" ਹੈ। *ਅਨੰਤ ਜੀਵਨ* "ਪਰਮੇਸ਼ੁਰ" ਹੈ। ਅਤੇ ਯਿਸੂ ਨੇ ਕਿਹਾ, "ਮੈਂ ਉਨ੍ਹਾਂ ਨੂੰ ਅਨੰਤ ਜੀਵਨ ਦਿੰਦਾ ਹਾਂ।" ਅਤੇ ਜੇ ਤੁਸੀਂ ਇੱਥੇ ਸ਼ਬਦਕੋਸ਼ ਵਿੱਚ ਦੇਖੋਗੇ, ਤਾਂ ਇਹ ਕਹਿੰਦਾ ਹੈ, "ਜ਼ੋਈ।" ਉੱਥੇ ਸਿਰਫ਼ ਇਹੀ ਅਨੰਤ ਜੀਵਨ ਹੈ। ਬਾਈਬਲ ਵਿਚ ਕੋਈ ਵੀ ਜਗ੍ਹਾ ਨਹੀਂ ਹੈ ਜਿੱਥੇ ਇਸਨੇ ਕਦੇ ਕਿਹਾ ਹੋਵੇ ਕਿ ਕੋਈ ਅਨੰਤ ਨਰਕ ਹੋਵੇਗਾ, ਇਸ ਨੇ ਕਿਹਾ ਕਿ ਉਹ "ਹਮੇਸ਼ਾਂ ਅਤੇ ਹਮੇਸ਼ਾ" ਲਈ ਸੜਨਗੇ।

229 ਹੁਣ, *ਹਮੇਸ਼ਾ* ਸ਼ਬਦ ਨੂੰ ਸਮਝਣ ਲਈ, *ਜੁਗਾਂ* ਨੂੰ ਵੇਖੋ। ਕੀ ਤੁਸੀਂ *ਇੱਥੇ* ਧਿਆਨ ਦਿੱਤਾ, ਬਾਈਬਲ ਵਿਚ? ਕਿੰਨੇ ਲੋਕਾਂ ਨੇ ਇਹ ਕਿਹਾ ਸੁਣਿਆ ਹੈ, "ਅਤੇ ਜੁਗਾਂ ਅਤੇ ਜੁ-..."? ਕਿੰਨੇ ਹੀ ਜਾਣਦੇ ਹਨ ਕਿ *ਜੁਗ* "ਸਮੇਂ ਦੀ ਇੱਕ ਮਿਆਦ" ਹੈ? ਕਿਉਂ, ਯਕੀਨਨ, ਕੋਈ ਵੀ ਜਾਣਦਾ ਹੈ ਕਿ *ਜੁਗ* "ਸਮੇਂ ਦੀ ਇੱਕ ਮਿਆਦ" ਹੈ।

230 "ਅਤੇ ਉਹ ਯੁੱਗਾਂ ਤੱਕ ਸੜਨਗੇ," ਇਹ ਸਮੇਂ ਦੀ ਮਿਆਦ ਹੈ। "ਅੱਗ ਦੀ ਝੀਲ ਵਿੱਚ ਸੁੱਟੇ ਜਾਣਗੇ, ਅਤੇ ਯੁੱਗਾਂ ਤੱਕ ਸਾੜੇ ਜਾਣਗੇ।" *ਯੁੱਗਾਂ* ਦਾ ਮਤਲਬ ਹੈ "ਸਮੇਂ ਦੀ ਮਿਆਦ।" ਹੋ ਸਕਦਾ ਹੈ ਉਹ ਸਜ਼ਾ ਵਿੱਚ ਲੱਖਾਂ ਸਾਲਾਂ ਤੱਕ ਸਾੜੇ ਜਾ ਸਕਦੇ ਹਨ ਪਰ, ਅੰਤ ਵਿੱਚ, ਉਹਨਾਂ ਦਾ ਅੰਤ ਹੋਣਾ ਹੀ ਹੈ; ਪੂਰੀ ਤਰ੍ਹਾਂ, ਅਲੋਪ ਹੋ ਜਾਣਾ ਹੈ। ਦੇਖੋ, ਕਿਉਂਕਿ ਹਰ ਚੀਜ਼ ਜੋ ਸੰਪੂਰਣ ਨਹੀਂ

ਹੈ ਉਹ ਸੰਪੂਰਨ ਚੀਜ ਦਾ ਵਿਗੜਿਆ ਹੋਇਆ ਰੂਪ ਹੈ; ਅਤੇ ਇਸਦੀ ਇੱਕ ਸ਼ੁਰੂਆਤ ਸੀ, ਇਸ ਲਈ ਇਸਦਾ ਅੰਤ ਹੋਣਾ ਚਾਹੀਦਾ ਹੈ।

231 ਪਰ ਅਸੀਂ ਜੋ ਪ੍ਰਭੂ ਯਿਸੂ ਮਸੀਹ ਵਿੱਚ ਵਿਸ਼ਵਾਸ ਕਰਦੇ ਹਾਂ, ਸਾਡੇ ਕੋਲ *ਜ਼ੋਈ* ਹੈ, "ਪਰਮੇਸ਼ੁਰ ਦਾ ਆਪਣਾ ਜੀਵਨ" ਸਾਡੇ ਵਿੱਚ ਹੈ, ਅਤੇ ਅਨੰਤ ਜੀਵਨ ਸਾਡੇ ਕੋਲ ਹੈ। ਸਾਡੇ ਕੋਲ ਹਮੇਸ਼ਾ ਅਤੇ ਹਮੇਸ਼ਾ ਲਈ ਜੀਵਨ ਨਹੀਂ ਹੈ, ਪਾਪੀ ਕੋਲ ਹਮੇਸ਼ਾ ਲਈ ਜੀਵਨ ਹੈ, ਪਰ ਸਾਡੇ ਕੋਲ "ਅਨੰਤ ਜੀਵਨ" ਹੈ।

232 ਭਾਈ ਕੌਕਸ, ਜਿਆਦਾ ਸਮਾਂ ਨਹੀਂ ਹੋਇਆ, ਮੇਰੇ ਰਾਹ ਵਿੱਚ ਬੈਠੇ ਹੋਏ ਸਨ ਇਸ ਤੋਂ ਪਹਿਲਾਂ ਕਿ ਅਸੀਂ...ਸਾਡੇ ਉੱਥੇ ਪੱਥਰ ਲਿਜਾਣ ਤੋਂ ਬਾਅਦ, ਅਤੇ ਉਸਨੇ ਇੱਕ ਛੋਟਾ ਜਿਹਾ, ਪੁਰਾਣਾ ਜੈਵਿਕ ਪਦਾਰਥ ਚੁੱਕਿਆ, ਅਤੇ ਉਸਨੇ ਕਿਹਾ, "ਭਾਈ ਬ੍ਰਨਹਾਮ, ਇਹ ਕਿੰਨਾ ਪੁਰਾਣਾ ਹੈ?"

233 "ਔਹ," ਮੈਂ ਕਿਹਾ, "ਕਾਲਕ੍ਰਮ ਅਨੁਸਾਰ, ਤੁਸੀਂ ਕਹਿ ਸਕਦੇ ਹੋ ਕਿ ਇਹ ਦਸ ਹਜ਼ਾਰ ਸਾਲ ਪੁਰਾਣਾ ਹੈ। ਕਿਸੇ ਕਿਸਮ ਦਾ ਇੱਕ ਛੋਟਾ ਜਿਹਾ, ਪੁਰਾਣਾ ਸਮੁੰਦਰੀ ਰਾਖਸ਼ ਜੋ ਇੱਕ ਸਮੇਂ ਰਹਿੰਦਾ ਸੀ, ਇੱਕ ਛੋਟਾ ਜਿਹਾ ਸਮੁੰਦਰੀ ਜਾਨਵਰ, ਹੋ ਸਕਦਾ ਹੈ ਕਿ ਬੀਤ ਚੁੱਕੇ ਯੁੱਗਾਂ ਵਿੱਚ ਰਹਿੰਦਾ ਹੋਵੇ।"

234 ਉਸ ਨੇ ਕਿਹਾ, "ਜ਼ਰਾ ਸੋਚੋ ਕਿ ਮਨੁੱਖੀ ਜੀਵਨ *ਉਸ* ਜੀਵਨ ਨਾਲੋਂ ਕਿੰਨਾ ਛੋਟਾ ਹੈ।"

235 ਮੈਂ ਕਿਹਾ, "ਔਹ, ਪਰ, ਭਾਈ, ਉਸ ਚੀਜ਼ ਦਾ ਅੰਤ ਹੈ, ਪਰ ਜੋ ਜੀਵਨ ਸਾਡੇ ਕੋਲ ਮਸੀਹ ਵਿੱਚ ਹੈ ਉਸਦਾ ਕੋਈ ਅੰਤ ਨਹੀਂ ਹੈ। ਹੋ ਸਕਦਾ ਹੈ ਇਹ ਦੋ ਜਾਂ ਤਿੰਨ *ਯੁਗਾਂ* ਲਈ ਜਿਉਂਦਾ ਰਹੇ, ਪਰ ਇਸ ਕੋਲ ਕਦੇ ਵੀ ਅਨੰਤ ਜੀਵਨ ਨਹੀਂ ਹੋਵੇਗਾ, ਕਿਉਂਕਿ ਅਨੰਤ ਜੀਵਨ ਕੇਵਲ ਪਰਮੇਸ਼ੁਰ ਤੋਂ ਹੀ ਆਉਂਦਾ ਹੈ।"

236 ਅਨੰਤ, "ਉਹ ਜੋ ਮੇਰੇ ਬਚਨਾਂ ਨੂੰ ਸੁਣਦਾ ਹੈ ਅਤੇ ਉਸ ਉੱਤੇ ਵਿਸ਼ਵਾਸ ਕਰਦਾ ਹੈ ਜਿਸਨੇ ਮੈਨੂੰ ਭੇਜਿਆ ਹੈ, ਉਸ ਕੋਲ ਅਨੰਤ ਜੀਵਨ ਹੈ ਅਤੇ **ਕਦੇ ਵੀ** ਨਿਆਂ ਵਿੱਚ ਨਹੀਂ ਜਾਵੇਗਾ ਪਰ ਮੌਤ ਨੂੰ ਪਾਰ ਕਰਕੇ ਜੀਵਨ ਵਿੱਚ ਚਲਾ ਗਿਆ ਹੈ।" ਉੱਥੇ ਤੁਸੀਂ ਹੋ, ਤੁਸੀਂ ਇੱਕ ਵਿਸ਼ਵਾਸੀ ਬਣ ਕੇ ਅਨੰਤ ਜੀਵਨ ਪ੍ਰਾਪਤ ਕਰਦੇ ਹੋ। ਇੱਕ ਅਵਿਸ਼ਵਾਸੀ ਕੋਲ ਹਮੇਸ਼ਾ ਦਾ ਜੀਵਨ ਹੈ। ਇੱਕ ਅਨੰਤ...ਇੱਕ ਵਿਸ਼ਵਾਸੀ ਕੋਲ ਅਨੰਤ ਜੀਵਨ ਹੁੰਦਾ ਹੈ, ਅਤੇ ਨਾਸ਼ ਨਹੀਂ ਹੋ ਸਕਦਾ ਕਿਉਂਕਿ ਇਹ ਅਨੰਤ ਹੈ।

237 ਪਰ ਇੱਕ ਵਿਸ਼ਵਾਸੀ, ਉਹ ਜਾਵੇਗਾ...ਇੱਕ ਅਵਿਸ਼ਵਾਸੀ ਸੰਸਾਰ ਵਿੱਚੋਂ ਲੰਘੇਗਾ, ਉਸ ਕੋਲ ਕਸ਼ਟ, ਦੁੱਖ ਹੋਣਗੇ; ਜਿਸਨੂੰ ਉਹ ਕਹਿੰਦੇ ਹਨ ਕਿ ਉਹ ਵਧੀਆ ਸਮਾਂ ਬਿਤਾ ਰਹੇ ਹਨ, "ਵਾਹ, ਇੱਕ ਵਧੀਆ ਸਮਾਂ ਬੀਤ ਰਿਹਾ ਹੈ।" ਔਰਤਾਂ, ਸ਼ਰਾਬ ਅਤੇ ਵਧੀਆ ਸਮਾਂ, ਉਹ ਸੋਚਦਾ ਹੈ ਕਿ ਉਹ ਅੱਗੇ ਵੱਧ

ਰਿਹਾ ਹੈ। ਉਹ ਮਰ ਜਾਵੇਗਾ, ਉਹ ਅੱਗ ਅਤੇ ਗੰਧਕ ਦੀ ਇੱਕ ਝੀਲ ਵਿੱਚ ਜਾਵੇਗਾ ਜੋ ਸਾੜਦੀ ਹੈ, ਜੋ ਹਮੇਸ਼ਾ ਅਤੇ ਹਮੇਸ਼ਾ ਲਈ ਬਲਦੀ ਰਹਿੰਦੀ ਹੈ, ਅਤੇ ਹੋ ਸਕਦਾ ਹੈ ਕਿ ਦੱਸ ਕਰੋੜ ਸਾਲਾਂ ਲਈ ਉਸਦੀ ਆਤਮਾ ਨੂੰ ਅੱਗ ਅਤੇ ਗੰਧਕ ਦੀ ਝੀਲ ਵਿੱਚ ਤਸੀਹੇ ਦਿੱਤੇ ਜਾਣ।

238 ਮੈਂ…ਤੁਸੀ ਕਹੋਗੇ, "ਕੀ ਇਹ ਆਮ ਗੰਧਕ ਵਾਂਗ ਹੀ ਹੋਵੇਗਾ?" ਮੇਰਾ ਮੰਨਣਾ ਹੈ ਕਿ ਇਹ ਇਸ ਤੋਂ ਲੱਖਾਂ ਗੁਣਾ ਮਾੜਾ ਹੋਵੇਗਾ। ਮੇਰਾ ਮੰਨਣਾ ਹੈ ਕਿ ਤੁਸੀਂ ਇਸਦਾ ਅੱਗ ਦੁਆਰਾ, ਇੱਕ ਸ਼ਾਬਦਿਕ ਅੱਗ ਦੁਆਰਾ ਵਰਣਨ ਨਹੀਂ ਕਰ ਸਕਦੇ। ਇੱਕੋ ਇੱਕ ਕਾਰਨ ਹੈ ਕਿ ਇਹ "ਅੱਗ ਦੁਆਰਾ" ਲਿਖਿਆ ਗਿਆ ਹੈ, ਕਿਉਂਕਿ ਅੱਗ ਸਭ ਤੋਂ ਵੱਧ ਭਸਮ ਕਰਨ ਵਾਲੀ ਚੀਜ਼ ਹੈ ਜੋ ਸਾਡੇ ਕੋਲ ਹੈ। ਇਹ ਬਿਲਕੁਲ ਖਾ ਜਾਂਦੀ ਹੈ ਅਤੇ ਹਰ ਚੀਜ਼ ਨੂੰ ਤਬਾਹ ਕਰ ਦਿੰਦੀ ਹੈ, ਅੱਗ ਇਹ ਕਰਦੀ ਹੈ। ਠੀਕ ਹੈ, ਫਿਰ, ਇਹ ਉੱਥੇ ਹੋਵੇਗਾ, ਪਰ ਤੁਹਾਡੇ ਕੋਲ ਇੱਕ ਆਤਮਾ ਹੋਵੇਗੀ ਜਿਸ ਨੂੰ ਕਿਸੇ ਕਿਸਮ ਦੀ ਸਜ਼ਾ ਦੇਣੀ ਪਵੇਗੀ…

239 ਹੁਣ, ਤੁਹਾਨੂੰ *ਅੱਗ* ਸ਼ਬਦ ਨੂੰ ਦੇਖਣਾ ਪਵੇਗਾ, ਕਿਉਂਕਿ ਪਵਿੱਤਰ ਆਤਮਾ ਦੀ ਵਰਤੋਂ ਕੀਤੀ ਗਈ ਹੈ "ਪਵਿੱਤਰ ਆਤਮਾ ਅਤੇ ਅੱਗ"; ਕਿਉਂਕਿ ਪਵਿੱਤਰ ਆਤਮਾ ਦੀ ਅੱਗ ਪਾਪ ਨੂੰ ਸਾੜਦੀ ਹੈ, ਦੇਖੋ, ਅਤੇ ਸਾਫ਼ ਕਰਦੀ ਹੈ।

240 ਪਰ *ਇਹ* ਅੱਗ, ਇਹ ਨਰਕ ਤੋਂ ਆਉਂਦੀ ਹੈ, ਇਹ ਕਹਿੰਦਾ ਹੈ ਇੱਕ "ਅੱਗ ਦੀ ਝੀਲ।" ਅਤੇ ਇਹ ਜੋ ਵੀ ਹੈ, ਇਹ ਤਸੀਹਿਆਂ ਦੇ ਨਾਲ ਇੱਕ ਸਜ਼ਾ ਹੈ। ਧਨੀ ਆਦਮੀ ਨੇ ਨਰਕ ਵਿੱਚ ਹੋਣ ਕਰਕੇ, ਆਪਣੀਆਂ ਅੱਖਾਂ ਉੱਪਰ ਚੁੱਕੀਆਂ, ਅਤੇ ਕਿਹਾ, "ਲਾਜ਼ਰ ਨੂੰ ਉਸ ਦੀਆਂ ਉਂਗਲਾਂ ਤੇ ਥੋੜਾ ਜਿਹਾ ਪਾਣੀ ਲਾ ਕੇ, ਮੇਰੇ ਬੁੱਲ੍ਹਾਂ ਤੇ ਲਾਉਣ ਲਈ ਭੇਜ, ਕਿਉਂਕਿ ਇਹ ਅੱਗ ਦੀਆਂ ਲਾਟਾਂ ਮੈਨੂੰ ਤਸੀਹੇ ਦੇ ਰਹੀਆਂ ਹਨ।" ਇਹ ਨਾ ਸੋਚੋ ਕਿ ਉੱਥੇ ਕੋਈ ਬਲਦਾ ਹੋਇਆ ਨਰਕ ਨਹੀਂ ਹੈ, ਅਤੇ ਇੱਕ ਅਸਲੀ ਨਰਕ ਹੈ, ਉੱਥੇ ਹੈ। ਜੇ ਉੱਥੇ ਇੱਕ ਵਾਸਤਵਿਕ ਸ਼ੈਤਾਨ ਹੈ, ਤਾਂ ਇੱਕ ਵਾਸਤਵਿਕ ਨਰਕ ਵੀ ਹੈ।

241 ਪਰ, ਤੁਸੀਂ ਵੇਖੋ, ਹਰ ਚੀਜ਼ ਜੋ ਵਿਗੜੀ ਹੋਈ ਹੈ ਉਸਦਾ ਅੰਤ ਵੀ ਹੈ, ਕਿਉਂਕਿ ਇਸ ਨੂੰ ਅੰਤ ਵਿੱਚ ਪਰਮੇਸ਼ੁਰ ਦੀ ਸ਼ੁੱਧਤਾ ਅਤੇ ਪਵਿੱਤਰਤਾ ਵੱਲ ਵਾਪਸ ਆਉਣਾ ਹੀ ਹੈ। ਅਤੇ ਪਰਮੇਸ਼ੁਰ ਅਨੰਤ ਹੈ; ਅਤੇ ਜੇਕਰ ਸਾਡੇ ਕੋਲ ਅਨੰਤ ਜੀਵਨ ਹੈ, ਤਾਂ ਪਰਮੇਸ਼ੁਰ ਸਾਡੇ ਵਿੱਚ ਹੈ, ਅਤੇ ਅਸੀਂ ਇਸ ਤੋਂ ਵੱਧ ਨਹੀਂ ਮਰ ਸਕਦੇ ਜਿੰਨਾ ਕਿ ਪਰਮੇਸ਼ੁਰ ਮਰ ਸਕਦਾ ਹੈ। ਉਥੇ ਤੁਸੀਂ ਹੋ।

242 ਹੁਣ, ਵਿਸ਼ਾ ਅਸਲ ਵਿੱਚ ਆਪਣੇ ਆਪ ਦੀ ਵਿਆਖਿਆ ਕਰ ਦਿੰਦਾ ਹੈ, ਵੇਖੋ, ਅਤੇ ਇਸਨੂੰ ਸਹੀ ਬਣਾਉਂਦਾ ਹੈ। ਹੁਣ, ਆਓ ਦੇਖੀਏ, ਮੇਰੇ ਕੋਲ ਇੱਕ…

ਮੈਨੂੰ ਨਹੀਂ ਪਤਾ ਕਿ ਕੀ…ਹਾਂ:

**"ਕੀ ਹੋਵੇਗਾ—ਉਹਨਾਂ ਦਾ ਕੀ ਹੋਵੇਗਾ?"**

243 ਉਹ ਅਲੋਪ ਹੋ ਜਾਣਗੇ, ਉਹਨਾਂ ਦਾ ਕੁਝ ਨਹੀਂ ਬੱਚਦਾ: ਪ੍ਰਾਣ ਚਲਾ ਜਾਂਦਾ ਹੈ, ਆਤਮਾ ਚਲੀ ਜਾਂਦੀ ਹੈ, ਜੀਵਨ ਚਲਾ ਜਾਂਦਾ ਹੈ, ਸਰੀਰ ਚਲਾ ਜਾਂਦਾ ਹੈ, ਵਿਚਾਰ ਚਲੇ ਜਾਂਦੇ ਹਨ, ਯਾਦਦਾਸ਼ਤ ਚਲੀ ਜਾਂਦੀ ਹੈ।

244 ਅਤੇ ਉੱਥੇ ਕੋਈ ਵਿਚਾਰ ਨਹੀਂ ਰਹਿ ਜਾਂਦੇ ਇੱਥੋਂ ਤਕ ਬੁਰੇ ਵਿਚਾਰ ਵੀ ਨਹੀਂ, ਜਿਵੇਂ ਇਹ ਕਦੇ, ਹੋਇਆ ਹੀ ਨਹੀਂ ਸੀ, ਮਹਿਮਾ ਵਿੱਚ। ਇਹ ਸਹੀ ਹੈ, ਇਹ ਸਭ ਕੁਝ ਹੋਵੇਗਾ…ਕੀ ਤੁਸੀਂ ਕਲਪਨਾ ਕਰ ਸਕਦੇ ਹੋ, ਕਿ ਇੱਥੇ ਇਸ ਹਿੱਸੇ ਵਿੱਚ ਲੋਕ ਹੋਣਗੇ…?

245 ਕੀ ਬਾਈਬਲ ਇਹ ਨਹੀਂ ਕਹਿੰਦੀ, "ਦੁਸ਼ਟਾਂ ਦੇ ਵਿਚਾਰ ਵੀ ਨਾਸ ਹੋ ਜਾਣਗੇ"? ਇਸ ਦੇ ਵਿਚਾਰ ਵੀ ਨਾਸ ਹੋ ਜਾਣਗੇ।

246 *ਇੱਥੇ* ਇੱਕ ਆਦਮੀ ਇੱਥੇ ਹੋਵੇਗਾ, *ਇੱਥੇ* ਪਰਮੇਸ਼ੁਰ ਹੋਵੇਗਾ ਜੋ ਪਵਿੱਤਰ ਅਤੇ ਮਹਾਨ ਹੈ, ਅਤੇ ਇਹ ਜਾਣਦੇ ਹੋਏ ਕਿ ਦੂਰ ਇੱਕ ਖੱਡ ਹੈ ਜਿਸ ਵਿੱਚ ਰੂਹਾਂ ਸੜ ਰਹੀਆਂ ਹਨ? ਕਿਉਂ, ਇਹ ਸਵਰਗ ਨਹੀਂ ਹੋ ਸਕਦਾ। ਉਹੀ ਵਿਚਾਰ, ਉਹੀ ਯਾਦਾਸ਼ਤ, ਉਹ ਸਭ ਕੁਝ ਜੋ ਵਿਗੜਿਆ ਹੋਇਆ ਹੈ, ਹਰ ਬੁਰਾ ਵਿਚਾਰ, ਸਭ ਕੁਝ, ਅਤੇ ਹਰ ਚੀਜ਼ ਜਿਸ ਵਿੱਚ ਬੁਰਾਈ ਹੈ ਨਾਸ਼ ਹੋ ਜਾਵੇਗੀ। ਅਤੇ ਅਸੀਂ ਪਵਿੱਤਰਤਾ ਤੋਂ ਇਲਾਵਾ ਕੁਝ ਨਹੀਂ ਹੋਵਾਂਗੇ, *ਜ਼ੋਈ* ਦੇ ਨਾਲ, ਜੋ ਪਰਮੇਸ਼ੁਰ ਦਾ ਜੀਵਨ ਹੈ; ਅਨੰਤ ਕਾਲ ਲਈ, ਅਤੇ ਯੁਗਾਂ ਲਈ, ਅਤੇ ਅੱਗੇ, ਅਤੇ ਅੱਗੇ, ਅਤੇ ਅੱਗੇ, ਅਤੇ ਅੱਗੇ; ਇਹ ਕਦੇ ਖਤਮ ਨਹੀਂ ਹੋਵੇਗਾ, ਇਹ ਅਨੰਤ ਹੋਵੇਗਾ!

247 "ਉਹ *ਹਮੇਸ਼ਾ* ਦੀ ਸਜ਼ਾ ਵਿੱਚ ਚਲੇ ਗਏ, ਪਰ ਧਰਮੀ ਅਨੰਤ ਜੀਵਨ ਵਿੱਚ ਚਲੇ ਗਏ।" ਤੁਸੀਂ ਇਹ ਸਮਝੇ ਗਏ? *ਹਮੇਸ਼ਾ* ਦੀ ਸਜ਼ਾ, ਅਨੰਤ ਜੀਵਨ, ਕੀ ਫਰਕ ਹੈ!

248 ਹੁਣ, ਦੇਖੋ, ਅਜਿਹਾ ਨਹੀਂ ਹੁੰਦਾ…ਹੁਣ, ਮੈਂ ਜਾਣਦਾ ਹਾਂ, ਤੁਹਾਡੇ ਲਈ, ਮੇਰੇ ਪਿਆਰੇ ਛੋਟੇ ਬੱਚਿਓ, ਮੈਂ—ਮੈਂ ਆਪਣੇ ਨੂੰ ਇਸ ਤਰ੍ਹਾਂ ਪੇਸ਼ ਨਹੀਂ ਕਰਨਾ ਚਾਹੁੰਦਾ ਜਿਵੇਂ ਮੈਂ ਇਹ-ਸਭ-ਕੁਝ ਜਾਣਦਾ ਹਾਂ। ਜੇ ਮੈਂ ਇਸ ਤਰ੍ਹਾਂ ਕਰਾਂ,…

249 ਹੁਣ, ਮੇਰੇ ਕੋਲ ਤਿੰਨ ਜਾਂ ਚਾਰ ਹੋਰ ਚੰਗੇ ਪ੍ਰਸ਼ਨ ਹਨ। ਮੈਂ ਉਨ੍ਹਾਂ ਨੂੰ ਐਤਵਾਰ ਸਵੇਰੇ ਲਵਾਂਗਾ, ਜੇ ਪ੍ਰਭੂ ਦੀ ਇੱਛਾ ਹੋਵੇਗੀ।

250 ਹੁਣ, ਦੇਖੋ। ਦੇਖੋ, ਇਹ ਪ੍ਰਸ਼ਨ ਉੱਠਦੇ ਹਨ। ਮੈਂ ਇੱਕ ਪੁਰਾਣਾ ਪ੍ਰਚਾਰਕ ਹਾਂ। ਮੈਂ—ਮੈਂ—ਮੈਂ—ਮੈਂ ਛੱਬੀਆਂ ਸਾਲਾਂ ਤੋਂ ਸੇਵਕਾਈ ਵਿੱਚ ਹਾਂ। ਅਤੇ ਮੈਂ—

ਮੈਂ ਇਸ ਲਈ ਬਹੁਤ ਸ਼ੁਕਰਗੁਜ਼ਾਰ ਹਾਂ, ਕਿ ਮੈਂ ਇਹ ਕਹਿ ਸਕਦਾ ਹਾਂ, ਮੇਰੇ… ਮੈਂ ਆਪਣੀ ਜ਼ਿੰਦਗੀ ਵਿੱਚ ਕਿਸੇ ਵੀ ਚੀਜ ਦੇ ਖੁਲ੍ਹਣ ਤੋਂ ਪਹਿਲਾਂ ਉਸਨੂੰ ਪੇਸ਼ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਅਤੇ ਮੈਂ ਬਹੁਤ ਸ਼ੁਕਰਗੁਜ਼ਾਰ ਹਾਂ ਕਿ ਪ੍ਰਭੂ ਦਾ ਦੂਤ…ਜਿਸ ਚੀਜ ਦੀ ਮੇਰੇ ਕੋਲ ਕੋਈ ਸਿੱਖਿਆ, ਯੋਗਤਾ ਨਹੀਂ ਸੀ। ਅਤੇ ਇਹ ਦੂਤ ਹੇਠਾਂ ਆਇਆ, ਅਤੇ ਪਰਮੇਸ਼ੁਰ ਵੱਲੋਂ ਭੇਜੀ ਹੋਈ ਮੇਰੀ ਮਦਦ ਰਿਹਾ ਹੈ। ਅਤੇ ਉਸਨੇ ਮੈਨੂੰ ਕਦੇ ਇੱਕ ਵੀ ਗੱਲ ਨਹੀਂ ਦੱਸੀ ਸਿਵਾਏ ਉਸਦੇ ਜੋ ਉਤਪਤ ਤੋਂ ਲੈ ਕੇ ਪਰਕਾਸ਼ ਦੀ ਪੋਥੀ ਤੱਕ ਪੂਰੀ ਤਰ੍ਹਾਂ ਮੇਲ ਖਾਂਦਾ ਹੋਵੇ, ਇੱਥੋਂ ਤੱਕ ਕਿ…ਜਦੋਂ ਉਸਨੇ ਕਿਹਾ ਤਾਂ ਮੈਂ ਤੁਰੰਤ ਲਿਖ ਲਿਆ "ਅਤੇ ਤੂੰ—ਅਤੇ ਤੂੰ ਦੈਵਿਕ ਚੰਗਾਈ ਦੇ ਦਾਨ ਨੂੰ ਲਵੇਂਗਾ।" ਅਤੇ ਮੈਂ ਇਸਨੂੰ ਉਸੇ ਤਰ੍ਹਾਂ ਲਿਖਿਆ ਜਿਵੇਂ ਉਸਨੇ ਇਸ ਨੂੰ ਕਿਹਾ ਸੀ।

251 ਅਤੇ ਲਗਭਗ ਤਿੰਨ ਸਾਲ ਬਾਅਦ, ਪ੍ਰਬੰਧਕ ਨੇ ਇਸ ਨੂੰ ਮੇਰੇ—ਮੇਰੇ ਧਿਆਨ ਵਿੱਚ ਲਿਆਂਦਾ, ਉਸ ਨੇ ਕਿਹਾ, "ਭਾਈ ਬ੍ਰਨਹਾਮ, ਕੀ ਤੁਸੀਂ ਇਸ ਵੱਲ ਧਿਆਨ ਦਿੱਤਾ? ਇਹ ਇੰਨਾ ਸੰਪੂਰਨ ਹੈ ਇੱਥੋਂ ਤੱਕ ਉਸਨੇ ਤੁਹਾਨੂੰ ਦੱਸਿਆ ਸੀ ਕਿ ਇਹ 'ਇੱਕ ਦਾਨ' ਹੈ।"

252 ਦੇਖੋ, ਕਦੇ ਵੀ "ਦਾਨ" ਨਹੀਂ ਕਿਹਾ। ਅਤੇ ਬਾਈਬਲ ਵਿਚ ਹਰ—ਹਰ ਇੱਕ…ਹਰੇਕ ਦਾਨ "ਦਾਨ" ਹੈ ਪਰ ਦੈਵਿਕ ਚੰਗਾਈ, ਅਤੇ ਇਹ "ਇੱਕ ਦਾਨ" ਹੈ। ਇਹ "ਚੰਗਾਈ ਦਾ ਦਾਨ" ਹੈ। ਤੁਹਾਡੇ ਕੋਲ ਹਰ ਕਿਸਮ ਦੇ ਚੰਗਾਈ ਦੇ ਦਾਨ ਹੋ ਸਕਦੇ ਹਨ, ਵੱਖ-ਵੱਖ ਤਰ੍ਹਾਂ ਦੇ। ਪਰ, ਬਾਕੀ ਹੋਰ "ਦਾਨ" ਹਨ: "ਉਹ" ਭਵਿੱਖਬਾਣੀ ਦਾ ਦਾਨ, "ਉਹ" *ਇਸ* ਦਾ ਦਾਨ। ਪਰ ਦੈਵਿਕ ਚੰਗਾਈ ਬਹੁਵਚਨ ਵਿੱਚ ਹੈ: "ਦਾਨ।" ਅਤੇ ਮੈਂ ਉਸ ਤੇ ਕਦੇ ਧਿਆਨ ਨਹੀਂ ਦਿੱਤਾ, ਕਿ ਪਵਿੱਤਰ ਆਤਮਾ ਇੰਨਾ ਸੰਪੂਰਨ ਹੈ। ਔਹ, ਪ੍ਰਭੂ ਮੁਬਾਰਕ ਹੋਵੇ!

253 ਕੀ ਤੁਸੀਂ ਸਮਝਦੇ ਹੋ ਕਿ ਉਹੀ ਪਵਿੱਤਰ ਆਤਮਾ ਜਿਸਨੇ ਉਹ ਬਾਈਬਲ ਲਿਖੀ ਸੀ, ਸੈਂਕੜੇ ਆਦਮੀਆਂ ਦੁਆਰਾ, ਸੈਂਕੜੇ ਸਾਲਾਂ ਦੇ ਅੰਤਰ ਨਾਲ…ਅਤੇ ਉਨ੍ਹਾਂ ਵਿੱਚੋਂ ਇੱਕ ਵੀ ਇੱਕ ਦੂਜੇ ਤੋਂ ਵੱਖ ਨਹੀਂ ਸੀ, ਉਹਨਾਂ ਵਿੱਚੋਂ ਹਰ ਇੱਕ ਸੰਪੂਰਨ ਸੀ; ਅਤੇ ਇੱਕ ਲਿਖਾਰੀ ਨੇ ਦੂਜੇ ਬਾਰੇ ਕਦੇ ਸੁਣਿਆ ਵੀ ਨਹੀਂ ਸੀ।

254 ਅਤੇ ਪੌਲੁਸ ਗਿਆ ਅਤੇ ਅਰਬ ਵਿੱਚ ਰਿਹਾ, ਅਤੇ ਚੌਦਾਂ ਸਾਲਾਂ ਤੱਕ ਕਦੇ ਯਰੂਸ਼ਲਮ ਨੂੰ ਵੀ ਨਹੀਂ ਗਿਆ। ਪਰ ਯਰੂਸ਼ਲਮ ਵਿੱਚ ਅਤੇ ਉੱਥੇ…ਉੱਥੋਂ ਚਲਾ ਗਿਆ…ਕਦੇ ਯਰੂਸ਼ਲਮ ਨਹੀਂ ਗਿਆ। ਪਰ ਉੱਥੇ ਅਰਬ ਵਿੱਚ ਰਿਹਾ, ਅਤੇ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ, ਪਤਰਸ ਅਤੇ ਬਾਕੀ ਚੇਲਿਆਂ ਨੂੰ ਚੌਦਾਂ ਸਾਲਾਂ ਤੱਕ ਕਦੇ ਵੀ ਨਹੀਂ ਦੇਖਿਆ। ਅਤੇ ਜਦੋਂ ਉਹ ਇਕੱਠੇ ਹੋਏ, ਤਾਂ ਉਹ ਇੱਕੋ ਗੱਲ ਦਾ ਪ੍ਰਚਾਰ ਕਰ ਰਹੇ ਸਨ: ਯਿਸੂ ਮਸੀਹ ਦੇ ਨਾਮ ਵਿੱਚ ਪਾਣੀ ਦਾ

ਬਪਤਿਸਮਾ, ਅਤੇ ਦੈਵਿਕ ਚੰਗਾਈ, ਅਤੇ ਪਰਮੇਸ਼ੁਰ ਦੀ ਸ਼ਕਤੀ।

ਔਹ!

ਮੈਂ ਬਹੁਤ ਖੁਸ਼ ਹਾਂ ਕਿ ਮੈਂ ਕਹਿ ਸਕਦਾ ਹਾਂ ਕਿ ਮੈਂ ਉਨ੍ਹਾਂ ਵਿੱਚੋਂ ਇੱਕ ਹਾਂ।

ਉਹਨਾਂ ਵਿੱਚੋਂ ਇੱਕ, ਮੈਂ ਉਹਨਾਂ ਵਿੱਚੋਂ ਇੱਕ ਹਾਂ,
ਮੈਂ ਬਹੁਤ ਖੁਸ਼ ਹਾਂ ਕਿ ਮੈਂ ਕਹਿ ਸਕਦਾ ਹਾਂ ਕਿ ਮੈਂ ਉਨ੍ਹਾਂ ਵਿੱਚੋਂ ਇੱਕ ਹਾਂ; (ਹਲਲੂਯਾਹ!)
ਉਹਨਾਂ ਵਿੱਚੋਂ ਇੱਕ, ਮੈਂ ਉਹਨਾਂ ਵਿੱਚੋਂ ਇੱਕ ਹਾਂ,
ਬਸ ਇੰਨਾ ਜਿਆਦਾ ਖੁਸ਼ ਹਾਂ ਕਿ ਮੈਂ ਕਹਿ ਸਕਦਾ ਹਾਂ ਕਿ ਮੈਂ ਉਨ੍ਹਾਂ ਵਿੱਚੋਂ ਇੱਕ ਹਾਂ।

ਉੱਥੇ ਲਗਭਗ ਹਰ ਜਗ੍ਹਾ ਲੋਕ ਹਨ,
ਜਿਨ੍ਹਾਂ ਦੇ ਹਿਰਦੇ ਪੂਰੀ ਤਰ੍ਹਾਂ ਸਰਗਰਮ ਹਨ,
ਇਸ ਅੱਗ ਨਾਲ ਜੋ ਪੰਤੇਕੁਸਤ ਦੇ ਦਿਨ ਉੱਤਰੀ ਸੀ,
ਜਿਸ ਨੇ ਉਨ੍ਹਾਂ ਨੂੰ ਸ਼ੁੱਧ ਕੀਤਾ ਅਤੇ ਉਨ੍ਹਾਂ ਨੂੰ ਸਾਫ ਕਰ ਦਿੱਤਾ;
ਔਹ, ਇਹ ਹੁਣ ਮੇਰੇ ਦਿਲ ਵਿੱਚ ਬਲ ਰਹੀ ਹੈ,
ਔਹ, ਉਸ ਦੇ ਨਾਮ ਦੀ ਮਹਿਮਾ ਹੋਵੇ!
ਮੈਂ ਬਹੁਤ ਖੁਸ਼ ਹਾਂ ਕਿ ਮੈਂ ਕਹਿ ਸਕਦਾ ਹਾਂ ਕਿ ਮੈਂ ਉਨ੍ਹਾਂ ਵਿੱਚੋਂ ਇੱਕ ਹਾਂ।

ਉਹ ਉੱਪਰਲੇ ਕਮਰੇ ਵਿੱਚ ਇਕੱਠੇ ਹੋਏ ਸਨ,
ਸਾਰੇ ਉਸ ਦੇ ਨਾਮ ਵਿੱਚ ਪ੍ਰਾਰਥਨਾ ਕਰ ਰਹੇ ਸਨ,
ਉਨ੍ਹਾਂ ਨੂੰ ਪਵਿੱਤਰ ਆਤਮਾ ਨਾਲ ਬਪਤਿਸਮਾ ਦਿੱਤਾ ਗਿਆ,
ਅਤੇ ਸੇਵਾ ਲਈ ਸ਼ਕਤੀ ਆਈ;
ਹੁਣ ਉਸ ਨੇ ਜੋ ਉਸ ਦਿਨ ਉਨ੍ਹਾਂ ਲਈ ਕੀਤਾ ਸੀ
ਉਹ ਤੁਹਾਡੇ ਲਈ ਉਹੀ ਕਰੇਗਾ,
ਮੈਂ ਬਹੁਤ ਖੁਸ਼ ਹਾਂ ਕਿ ਮੈਂ ਕਹਿ ਸਕਦਾ ਹਾਂ ਕਿ ਮੈਂ ਉਨ੍ਹਾਂ ਵਿੱਚੋਂ ਇੱਕ ਹਾਂ।

ਮੈਂ ਉਹਨਾਂ ਵਿੱਚੋਂ ਇੱਕ ਹਾਂ, ਮੈਂ ਉਹਨਾਂ ਵਿੱਚੋਂ ਇੱਕ ਹਾਂ,
ਮੈਂ ਬਹੁਤ ਖੁਸ਼ ਹਾਂ ਕਿ ਮੈਂ ਕਹਿ ਸਕਦਾ ਹਾਂ ਕਿ ਮੈਂ ਉਨ੍ਹਾਂ ਵਿੱਚੋਂ ਇੱਕ ਹਾਂ; (ਹਲਲੂਯਾਹ!)

ਉਨ੍ਹਾਂ ਵਿੱਚੋਂ ਇੱਕ, ਉਨ੍ਹਾਂ ਵਿੱਚੋਂ ਇੱਕ,
ਮੈਂ ਬਹੁਤ ਖੁਸ਼ ਹਾਂ ਕਿ ਮੈਂ ਕਹਿ ਸਕਦਾ ਹਾਂ ਕਿ ਮੈਂ ਉਨ੍ਹਾਂ
ਵਿੱਚੋਂ ਇੱਕ ਹਾਂ।

255 ਸੁਣੋ, ਮੇਰੇ ਕੋਲ ਤੁਹਾਡੇ ਲਈ ਇੱਕ ਛੋਟਾ ਜਿਹਾ ਸੰਦੇਸ਼ ਹੈ:

ਆਓ, ਮੇਰੇ ਭਾਈ, ਇਹ ਅਸੀਸ ਮੰਗੋ
ਇਹ ਤੁਹਾਡੇ ਦਿਲ ਨੂੰ ਪਾਪ ਤੋਂ ਸ਼ੁੱਧ ਕਰੇਗੀ,
ਇਸ ਨਾਲ ਖੁਸ਼ੀ ਦੀਆਂ ਘੰਟੀਆਂ ਵੱਜਣੀਆਂ ਸ਼ੁਰੂ ਹੋ
ਜਾਣਗੀਆਂ
ਅਤੇ ਇਹ ਤੁਹਾਡੀ ਆਤਮਾ ਨੂੰ ਅੱਗ ਤੇ ਰੱਖੇਗੀ;
ਔਹ, ਇਹ ਹੁਣ ਮੇਰੇ ਦਿਲ ਵਿੱਚ ਬਲ ਰਿਹਾ ਹੈ,
ਔਹ, ਉਸ ਦੇ ਨਾਮ ਦੀ ਮਹਿਮਾ ਹੋਵੇ,
ਮੈਂ ਬਹੁਤ ਖੁਸ਼ ਹਾਂ ਕਿ ਮੈਂ ਕਹਿ ਸਕਦਾ ਹਾਂ ਕਿ ਮੈਂ ਉਨ੍ਹਾਂ
ਵਿੱਚੋਂ ਇੱਕ ਹਾਂ।

256 ਕੀ ਤੁਸੀਂ ਖੁਸ਼ ਨਹੀਂ ਹੋ ਕਿ ਤੁਸੀਂ ਉਨ੍ਹਾਂ ਵਿੱਚੋਂ ਇੱਕ ਹੋ? ਇਹ ਕੀ ਹੈ? ਇਹ ਆਤਮਾ ਹੈ ਜੋ ਪ੍ਰਗਟ ਕਰਦਾ ਹੈ। ਇਹ ਪਰਮੇਸ਼ਰ ਦਾ ਪ੍ਰਕਾਸ਼ਣ ਹੈ, "ਇਸ ਚੱਟਾਨ ਉੱਤੇ।" ਮੈਨੂੰ ਕੋਈ ਪਰਵਾਹ ਨਹੀਂ ਕਿ ਜੇ ਕੋਈ ਪ੍ਰਧਾਨ ਜਾਜਕ...

257 ਜਿਆਦਾ ਚਿਰ ਨਹੀਂ ਹੋਇਆ, ਇੱਕ ਕੈਥੋਲਿਕ ਪਾਦਰੀ, ਮੇਰੇ ਘਰ ਵਿੱਚ ਬੈਠਾ ਹੋਇਆ ਸੀ। ਅਤੇ ਉਸਨੇ ਕਿਹਾ, "ਸ਼੍ਰੀ ਮਾਨ ਬ੍ਰਨਹਾਮ, ਮੈਂ ਤੁਹਾਨੂੰ ਇੱਕ ਸਵਾਲ ਪੁੱਛਣ ਆਇਆ ਹਾਂ।"

ਮੈਂ ਕਿਹਾ, "ਠੀਕ ਹੈ, ਸ਼੍ਰੀ ਮਾਨ।"

258 ਉਸ ਨੇ ਕਿਹਾ, "ਮੇਰੇ ਕੋਲ ਬਿਸ਼ਪ ਵੱਲੋਂ ਤੁਹਾਡੇ ਲਈ ਇੱਕ ਚਿੱਠੀ ਹੈ।"

ਮੈਂ ਕਿਹਾ, "ਠੀਕ ਹੈ, ਸ਼੍ਰੀ ਮਾਨ।"

259 ਉਸ ਨੇ ਕਿਹਾ, "ਜੋ ਬਿਆਨ ਤੁਸੀਂ ਦਿਓਗੇ, ਕੀ ਤੁਸੀਂ ਆਪਣਾ ਹੱਥ ਅੱਗੇ ਕਰ ਕੇ ਸੌਂਹ ਖਾਓਗੇ ਕਿ ਤੁਸੀਂ ਸੱਚ ਕਹੋਗੇ?"

260 ਮੈਂ ਕਿਹਾ, "ਮੈਂ ਇਹ ਨਹੀਂ ਕਰਾਂਗਾ।" ਮੈਂ ਕਿਹਾ, "ਬਾਈਬਲ ਨੇ ਕਿਹਾ ਹੈ, 'ਬਿਲਕੁਲ ਵੀ ਸੌਂਹ ਨਹੀਂ ਖਾਣੀ, ਨਾ ਅਕਾਸ਼ ਦੀ ਨਾ ਧਰਤੀ ਦੀ (ਕਿਉਂਕਿ ਇਹ ਉਸਦੇ ਪੈਰਾਂ ਦੀ ਚੌਂਕੀ ਹੈ)। ਤੁਹਾਡੀ ਹਾਂ ਦੀ ਹਾਂ ਅਤੇ ਨਾ ਦੀ ਨਾ ਹੋਵੇ।' ਜੇ ਬਿਸ਼ਪ ਸੁਣਨਾ ਚਾਹੁੰਦਾ ਹੈ ਕਿ ਮੈਂ ਕੀ ਕਹਿਣਾ ਹੈ, ਤਾਂ ਉਸ ਨੂੰ ਮੇਰੇ ਸ਼ਬਦਾਂ ਤੇ ਭਰੋਸਾ ਕਰਨਾ ਪਵੇਗਾ। ਜੇ ਉਹ ਨਹੀਂ ਕਰਦਾ, ਤਾਂ ਮੈਂ ਸੌਂਹ ਨਹੀਂ ਖਾਂਦਾ।"

261 ਸੈਕਰਡ ਹਾਰਟ ਕਲੀਸਿਯਾ ਦਾ ਇਹ ਛੋਟਾ ਪਾਦਰੀ, ਉਸ ਨੇ ਕਿਹਾ, "ਕੀ ਤੁਸੀਂ ਪੌਲੀਨ ਫ੍ਰੇਜ਼ੀਅਰ ਨੂੰ *ਫਲਾਣੀ-ਫਲਾਣੀ* ਤਰੀਖ ਨੂੰ ਬਪਤਿਸਮਾ ਦਿੱਤਾ ਸੀ?"

262 ਮੈਂ ਕਿਹਾ, "ਮੈਂ ਦਿੱਤਾ ਸੀ, ਸ਼੍ਰੀ ਮਾਨ, ਓਹੀਓ ਨਦੀ ਵਿੱਚ।"

263 ਉਸ ਨੇ ਕਿਹਾ, "ਤੁਸੀਂ ਉਸਨੂੰ ਕਿਵੇਂ ਬਪਤਿਸਮਾ ਦਿੱਤਾ?"

264 ਮੈਂ ਕਿਹਾ, "ਮੈਂ ਉਸਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਪਾਣੀ ਦੇ ਹੇਠਾਂ ਡੁਬੋ ਕੇ ਬਪਤਿਸਮਾ ਦਿੱਤਾ।"

265 ਉਸ ਨੇ ਇਸ ਨੂੰ ਹੇਠਾਂ ਰੱਖ ਦਿੱਤਾ। ਉਸ ਨੇ ਕਿਹਾ, "ਤੁਸੀਂ ਜਾਣਦੇ ਹੋ, ਕੈਥੋਲਿਕ ਕਲੀਸਿਯਾ ਇਸ ਤਰ੍ਹਾਂ ਬਪਤਿਸਮਾ ਦਿੰਦੀ ਹੁੰਦੀ ਸੀ।"

ਮੈਂ ਕਿਹਾ, "ਕਦੋਂ?"

ਉਸ ਨੇ ਕਿਹਾ, "ਸ਼ੁਰੂਆਤੀ ਯੁੱਗ ਵਿੱਚ।"

ਮੈਂ ਕਿਹਾ, "ਕਿਹੜੇ ਸ਼ੁਰੂਆਤੀ ਯੁੱਗ ਵਿੱਚ?"

ਉਸ ਨੇ ਕਿਹਾ, "ਅੱਛਾ, ਸ਼ੁਰੂਆਤ ਵਿੱਚ।"

ਮੈਂ ਕਿਹਾ, "ਕਿਹੜੀ ਸ਼ੁਰੂਆਤ?"

ਉਸ ਨੇ ਕਿਹਾ, "ਬਾਈਬਲ ਵਿਚ।"

ਮੈਂ ਕਿਹਾ, "ਕੀ ਤੁਹਾਡਾ ਮਤਲਬ ਹੈ-...ਚੇਲਿਆਂ ਵਿੱਚ—ਵਿੱਚ?"

ਉਸ ਨੇ ਕਿਹਾ, "ਯਕੀਨਨ।"

ਮੈਂ ਕਿਹਾ, "ਕੀ ਤੁਸੀਂ ਕੈਥੋਲਿਕ ਕਹਿੰਦੇ ਹੋ, ਜਾਂ,...? ਤੁਸੀਂ ਕਹਿੰਦੇ ਹੋ ਕਿ ਚੇਲੇ ਕੈਥੋਲਿਕ ਸਨ?"

ਉਸ ਨੇ ਕਿਹਾ, "ਯਕੀਨਨ, ਉਹ ਸਨ।"

ਮੈਂ ਕਿਹਾ, "ਮੈਂ ਸੋਚਦਾ ਸੀ ਕਿ ਕੈਥੋਲਿਕ ਕਲੀਸਿਯਾ ਨਹੀਂ ਬਦਲੀ?"

ਉਸ ਨੇ ਕਿਹਾ, "ਇਹ ਨਹੀਂ ਬਦਲੀ ਹੈ।"

266 ਮੈਂ ਕਿਹਾ, "ਫਿਰ ਪਤਰਸ ਨੇ ਕਿਉਂ ਕਿਹਾ, 'ਤੋਬਾ ਕਰੋ, ਅਤੇ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲਓ'? ਅਤੇ ਤੁਸੀਂ ਕਹਿੰਦੇ ਹੋ ਕਿ ਉਹ...ਕਿ ਉਹ ਇੱਕ ਪੋਪ ਸੀ?"

267 "ਹਾਂ।"

268 "ਫਿਰ ਤੁਸੀਂ 'ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ' ਦੇ ਨਾਮ ਵਿੱਚ ਬਪਤਿਸਮਾ ਕਿਉਂ ਦਿੰਦੇ ਹੋ? ਅਤੇ ਉਹ ਡੁੱਬਕੀ ਦਿੰਦਾ ਸੀ, ਪਰ ਤੁਸੀਂ ਛਿੜਕਦੇ ਹੋ। ਹੁਣ ਕੀ ਹੋਇਆ?"

269 ਉਸ ਨੇ ਕਿਹਾ, "ਪਰ, ਤੁਸੀਂ ਵੇਖੋ," ਉਸ ਨੇ ਕਿਹਾ, "ਕੈਥੋਲਿਕ ਕਲੀਸਿਯਾ ਕੋਲ ਕੁਝ ਵੀ ਕਰਨ ਦਾ ਅਧਿਕਾਰ ਹੈ ਜੋ ਉਹ ਕਰਨਾ ਚਾਹੁੰਦੇ ਹਨ।" ਹੂੰ।

270 ਮੈਂ ਕਿਹਾ, "ਅਤੇ ਤੁਸੀਂ ਚੇਲਿਆਂ ਨੂੰ ਕੈਥੋਲਿਕ ਕਿਹਾ?"

271 ਉਸ ਨੇ ਕਿਹਾ, "ਹਾਂ।"

272 ਮੈਂ ਕਿਹਾ, "ਸ਼੍ਰੀ ਮਾਨ, ਮੇਰੇ ਕੋਲ ਜੋਸੀਫਸ ਹੈ, ਮੇਰੇ ਕੋਲ *ਫੌਕਸ ਦੀ ਸ਼ਹੀਦਾਂ ਦੀ ਕਿਤਾਬ* ਹੈ, ਮੈਨੂੰ ਪੇਂਬਰ ਦਾ *ਸ਼ੁਰੂਆਤੀ ਯੁੱਗ* ਕਿਤਾਬ ਹੈ, ਮੇਰੇ ਕੋਲ ਹਿਸਲੋਪ ਦੀ *ਦੋ ਬਾਬਲ* ਕਿਤਾਬ ਹੈ, ਸਭ ਤੋਂ ਪ੍ਰਾਚੀਨ ਇਤਿਹਾਸ ਜੋ ਦੁਨੀਆਂ ਵਿੱਚ ਹਨ, ਮੈਨੂੰ ਉਸ ਵਿੱਚ ਦਿਖਾਓ ਜਿੱਥੇ ਕੈਥੋਲਿਕ ਕਲੀਸਿਯਾ ਨੂੰ ਕਿਸੇ ਸੰਗਠਨ ਵਿੱਚ ਆਉਣ ਲਈ ਠਹਿਰਾਇਆ ਗਿਆ ਸੀ...ਆਖਰੀ ਰਸੂਲ ਦੀ ਮੌਤ ਦੇ ਛੇ ਸੌ ਸਾਲ ਬਾਅਦ।"

"ਔਹ," ਉਸ ਨੇ ਕਿਹਾ, "ਅਸੀਂ ਉਸ ਤੇ ਵਿਸ਼ਵਾਸ ਕਰਦੇ ਹਾਂ ਜੋ ਕਲੀਸਿਯਾ ਕਹਿੰਦੀ ਹੈ।"

ਮੈਂ ਕਿਹਾ, "ਮੈਂ ਉਸ ਤੇ ਵਿਸ਼ਵਾਸ ਕਰਦਾ ਹਾਂ ਜੋ ਬਾਈਬਲ ਕਹਿੰਦੀ ਹੈ।" ਵੇਖਿਆ?

"ਕਿਉਂ," ਉਸ ਨੇ ਕਿਹਾ, "ਪਰਮੇਸ਼ੁਰ ਆਪਣੀ ਕਲੀਸਿਯਾ ਵਿੱਚ ਹੈ।"

273 ਮੈਂ ਕਿਹਾ, "ਪਰਮੇਸ਼ੁਰ ਆਪਣੇ ਵਚਨ ਵਿੱਚ ਹੈ।" ਅਤੇ ਮੈਂ ਕਿਹਾ, "ਜੇ..." ਉਸ ਨੇ ਕਿਹਾ...ਮੈਂ ਕਿਹਾ, "ਬਾਈਬਲ ਇਹ ਨਹੀਂ ਕਹਿੰਦੀ ਕਿ ਪਰਮੇਸ਼ੁਰ ਉਸ ਦੀ ਕਲੀਸਿਯਾ ਵਿੱਚ ਹੈ, ਪਰ ਬਾਈਬਲ ਕਹਿੰਦੀ ਹੈ ਕਿ ਪਰਮੇਸ਼ੁਰ ਉਸ ਦੇ ਵਚਨ ਵਿੱਚ ਹੈ। 'ਆਦ ਵਿੱਚ ਸ਼ਬਦ ਸੀ, ਅਤੇ ਸ਼ਬਦ ਪਰਮੇਸ਼ੁਰ ਦੇ ਸੰਗ ਸੀ, ਅਤੇ ਸ਼ਬਦ ਪਰਮੇਸ਼ੁਰ ਸੀ; ਅਤੇ ਸਾਡੇ ਵਿਚਕਾਰ ਵਾਸ ਕੀਤਾ।'" ਇਹ ਠੀਕ ਹੈ। ਮੈਂ ਕਿਹਾ, "ਪਰਮੇਸ਼ੁਰ ਆਪਣੇ ਵਚਨ ਵਿੱਚ ਹੈ।"

274 ਉਹ ਅੱਗੇ ਵੱਧਦਾ ਗਿਆ ਅਤੇ ਇਹ ਦੱਸਿਆ। ਉਸ ਨੇ ਕਿਹਾ, "ਖੈਰ, ਅਸੀਂ ਬਹਿਸ ਨਹੀਂ ਕਰ ਸਕਦੇ," ਉਸ ਨੇ ਕਿਹਾ, "ਕਿਉਂਕਿ ਤੁਸੀਂ ਬਾਈਬਲ ਵਿੱਚ ਵਿਸ਼ਵਾਸ ਕਰਦੇ ਹੋ, ਮੈਂ ਕਲੀਸਿਯਾ ਵਿੱਚ ਵਿਸ਼ਵਾਸ ਕਰਦਾ ਹਾਂ।"

275 ਮੈਂ ਕਿਹਾ, "ਮੇਰਾ ਮੰਨਣਾ ਹੈ ਕਿ ਬਾਈਬਲ ਪਰਮੇਸ਼ੁਰ ਦਾ ਪ੍ਰੇਰਿਤ ਵਚਨ ਹੈ ਅਤੇ ਇਸ ਵਿੱਚ ਇੱਕ ਵੀ ਪਰਸਪਰ ਵਿਰੋਧ ਨਹੀਂ ਹੈ। ਅਤੇ ਇਹ ਪਰਮੇਸ਼ੁਰ ਦਾ ਬਚਨ ਹੈ, ਆਉਣ ਵਾਲੇ ਸਾਰੇ ਯੁਗਾਂ ਲਈ ਉਸਦੀਆਂ ਅਨੰਤ ਯੋਜਨਾਵਾਂ।

ਉਸ ਨੇ ਕਿਹਾ, 'ਆਕਾਸ਼ ਅਤੇ ਧਰਤੀ ਟਲ ਜਾਣਗੇ ਪਰ ਮੇਰਾ ਬਚਨ ਨਹੀਂ ਟਲੇਗਾ।' ਇਹ ਸਹੀ ਹੈ। ਮੈਂ ਵਚਨ ਤੇ ਵਿਸ਼ਵਾਸ ਕਰਦਾ ਹਾਂ।"

276 ਉਹ ਸ਼੍ਰੀ ਮਤੀ ਫਰੇਜ਼ੀਅਰ ਕੋਲ ਗਿਆ। ਉਸ ਨੇ ਕਿਹਾ, "ਸ਼੍ਰੀ ਮਤੀ ਫਰੇਜ਼ੀਅਰ, ਕੀ ਤੁਸੀਂ ਇਹ ਸਹਿਮਤੀ ਦੇਣ ਲਈ ਇੱਥੇ ਇੱਕ ਕਾਗਜ਼ ਤੇ ਦਸਤਖਤ ਕਰੋਗੇ ਕਿ ਤੁਹਾਡੀ ਲੜਕੀ ਕੈਥੋਲਿਕ ਕਲੀਸਿਯਾ ਦੀ ਮੈਂਬਰ ਬਣ ਸਕਦੀ ਹੈ?"

277 ਉਸ ਨੇ ਕਿਹਾ, "ਇਹਦੇ ਨਾਲੋਂ ਚੰਗਾ ਮੈਂ ਉਸ ਦੇ ਨਾਲ ਕਬਰ ਤੱਕ ਜਾਣਾ ਪਸੰਦ ਕਰਾਂਗੀ।"

278 ਉਸ ਨੇ ਕਿਹਾ, "ਤੁਹਾਨੂੰ ਸ਼ਰਮ ਆਣੀ ਚਾਹੀਦੀ ਹੈ।" ਉਸ ਨੇ ਕਿਹਾ, "ਤੁਹਾਨੂੰ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ ਕਿ ਉਹ ਕੁੜੀ ਉਸ ਬਕਵਾਸ ਵਿੱਚੋਂ ਬਾਹਰ ਨਿਕਲ ਕੇ, ਕੈਥੋਲਿਕ ਕਲੀਸਿਯਾ ਵਿੱਚ ਆ ਰਹੀ ਹੈ।"

279 ਉਸ ਨੇ ਕਿਹਾ, "ਜੇ ਇਹ ਤੁਹਾਡੀ ਲੜਕੀ ਹੁੰਦੀ ਅਤੇ ਮੇਰੀ ਕਲੀਸਿਯਾ ਵਿਚ ਆ ਰਹੀ ਹੁੰਦੀ, ਤਾਂ ਤੁਸੀਂ ਇਸ ਬਾਰੇ ਕੀ ਕਹਿੰਦੇ?"

280 "ਔਹ," ਉਸ ਨੇ ਕਿਹਾ, "ਇਹ ਵੱਖਰੀ ਗੱਲ ਹੈ।"

281 ਉਸ ਨੇ ਕਿਹਾ, "ਨਹੀਂ, ਇਹ ਨਹੀਂ ਹੈ।" ਜਦੋਂ ਉਹ ਉਸ ਔਰਤ ਕੋਲੋਂ ਚਲਾ ਗਿਆ ਤਾਂ ਉਸਨੂੰ ਪਤਾ ਲੱਗਾ ਕਿ ਉਹ ਕਿਤੇ ਗਿਆ ਸੀ। ਉਸਨੂੰ ਪਤਾ ਲੱਗਾ ਕਿ ਉਹ ਕਿਤੇ ਗਿਆ ਸੀ। ਉਸ ਨੇ ਕਿਹਾ, "ਹੁਣ, ਉਹੀ ਦਰਵਾਜ਼ਾ ਖੁੱਲ੍ਹਾ ਹੈ ਜਿਸ ਤੋਂ ਤੁਸੀਂ ਅੰਦਰ ਆਏ ਸੀ।"

282 ਦੇਖੋ, ਇਹ ਤਰੀਕਾ ਹੈ। ਮਿੱਧੇ ਨਾ ਜਾਓ, ਤੁਹਾਨੂੰ ਕਿਸੇ ਤੋਂ ਮਿੱਧੇ ਜਾਣ ਦੀ ਲੋੜ ਨਹੀਂ ਹੈ। ਜੇ ਪਰਮੇਸ਼ੁਰ ਤੁਹਾਡੇ ਨਾਲ ਹੈ, ਤਾਂ ਤੁਹਾਡੇ ਵਿਰੁੱਧ ਕੌਣ ਹੋ ਸਕਦਾ ਹੈ? ਸਹੀ ਹੈ! ਅੱਜ ਦੀ ਪਰੇਸ਼ਾਨੀ ਇਹ ਹੈ, ਤੁਹਾਡੇ ਕੋਲ ਰੀੜ ਦੀ ਹੱਡੀ ਦੀ ਬਜਾਏ ਖਿਆਲਾਂ ਦੀ ਹੱਡੀ ਹੈ। ਪਰਮੇਸ਼ੁਰ ਲਈ ਖੜ੍ਹੇ ਰਹੋ ਅਤੇ ਸਹੀ ਰਹੋ!

283 ਉਹੀ ਪਵਿੱਤਰ ਆਤਮਾ ਜੋ ਉਨ੍ਹਾਂ ਰਸੂਲਾਂ ਉੱਤੇ ਅਤੇ ਪਿਛਲੇ ਯੁੱਗਾਂ ਵਿੱਚ ਹੇਠਾਂ ਉਤਰਿਆ ਸੀ, ਉਹ ਅੱਜ ਵੀ ਉਸਦੀ ਕਲੀਸਿਯਾ ਵਿੱਚ ਹੈ, ਜਿਨ੍ਹਾਂ ਉੱਤੇ ਪਰਮੇਸ਼ੁਰ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ। "ਉਹ ਨਹੀਂ ਜੋ ਚਾਹੁੰਦਾ ਹੈ, ਜਾਂ ਉਹ ਜੋ ਦੌੜਦਾ ਹੈ, ਪਰ ਜਿਸ ਤੇ ਪਰਮੇਸ਼ੁਰ ਦਇਆ ਕਰਦਾ ਹੈ।" ਇਹ ਪਰਮੇਸ਼ੁਰ ਹੈ, ਜਿਹੜਾ ਆਪਣੀ ਚੋਣ ਦੁਆਰਾ, ਲੋਕਾਂ ਨੂੰ ਲਿਆਉਂਦਾ ਹੈ ਅਤੇ ਉਹਨਾਂ ਦੀਆਂ ਅੱਖਾਂ ਖੋਲ੍ਹਦਾ ਹੈ। ਤੁਸੀਂ ਇਸ ਨੂੰ ਕਦੇ ਨਹੀਂ ਦੇਖ ਸਕਦੇ, ਤੁਸੀਂ ਅੰਨ੍ਹੇ ਹੋ, ਅਤੇ ਕਦੇ ਨਹੀਂ ਦੇਖ ਸਕਦੇ ਜਦੋਂ ਤੱਕ ਪਰਮੇਸ਼ੁਰ ਤੁਹਾਡੀ ਸਮਝ ਨੂੰ

ਨਹੀਂ ਖੋਲ੍ਹਦਾ। ਬਾਈਬਲ ਕਹਿੰਦੀ ਹੈ ਕਿ ਤੁਸੀਂ ਅੰਨ੍ਹੇ ਹੋ, ਅਤੇ ਤੁਸੀਂ ਦੇਖ ਨਹੀਂ ਸਕਦੇ। ਤੁਹਾਡੀ ਕੋਸ਼ਿਸ਼ ਕਰਨੀ ਵਿਅਰਥ ਹੈ। ਸਾਰੀ ਸਿੱਖਿਆ ਦੇ ਨਾਲ, ਤੁਸੀਂ ਜੋ ਵਜੀਫ਼ੇ ਲੈ ਸਕਦੇ ਹੋ, ਉਹ ਤੁਹਾਨੂੰ ਲਗਾਤਾਰ ਅੰਨ੍ਹੇ ਬਣਾਈ ਜਾਂਦੇ ਹਨ।

284 ਹੁਣ, ਤੁਸੀਂ ਇੱਥੇ ਜੋ ਚਰਚ ਆਫ਼ ਕ੍ਰਾਇਸਟ ਵਾਲੇ ਹੋ, ਤੁਸੀਂ "ਉੱਥੇ ਬੋਲੋ ਜਿੱਥੇ ਬਾਈਬਲ ਬੋਲਦੀ ਹੈ, ਅਤੇ ਉੱਥੇ ਚੁੱਪ ਰਹੋ ਜਿੱਥੇ ਇਹ ਚੁੱਪ ਹੈ," ਇਸ ਵਿੱਚੋਂ ਕੁਝ ਬਾਰੇ ਕੀ? ਤੁਸੀਂ ਉਸ ਤੇ ਬਹੁਤ ਜਿਆਦਾ ਚੁੱਪ ਹੋ। ਠੀਕ ਹੈ।

285 ਦੇਖੋ, ਇਸ ਦੇ ਲਈ ਆਤਮਿਕ ਤੌਰ ਤੇ ਪ੍ਰਗਟ ਸੱਚ ਦੀ ਲੋੜ ਹੈ। ਫਿਰ ਪਰਮੇਸ਼ੁਰ ਹੇਠਾਂ ਆਉਂਦਾ ਹੈ ਅਤੇ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਅਤੇ ਇਸ ਨੂੰ ਸੱਚ ਸਾਬਤ ਕਰਦਾ ਹੈ। ਆਮੀਨ! ਕੀ ਤੁਸੀਂ ਉਸਨੂੰ ਪ੍ਰੇਮ ਕਰਦੇ ਹੋ? ਉਸੇ ਤਰ੍ਹਾਂ ਮੈਂ ਵੀ ਕਰਦਾ ਹਾਂ। ਆਮੀਨ।

286 ਠੀਕ ਹੈ, ਕੀ ਹੁਣ ਤੁਸੀਂ ਸਾਰੇ ਮੈਥੋਡਿਸਟ ਬੈਪਟਿਸਟਾਂ ਨਾਲ ਹੱਥ ਮਿਲਾਉਣਾ ਚਾਹੁੰਦੇ ਹੋ? ਤੁਸੀਂ ਪ੍ਰੈਸਬੀਟੇਰੀਅਨ?

287 "ਹੁਣ," ਤੁਸੀਂ ਕਹੋਗੇ, "ਭਾਈ ਬ੍ਰਨਹਾਮ, ਕੀ ਤੁਸੀਂ ਬੈਪਟਿਸਟਾਂ ਅਤੇ ਪ੍ਰੈਸਬੀਟੇਰੀਅਨਾਂ ਨੂੰ ਛੇਕਦੇ ਹੋ ਜੋ ਬਪਤਿਸਮਾ ਨਹੀਂ ਲੈਂਦੇ-...?"

288 ਨਹੀਂ, ਸ਼੍ਰੀ ਮਾਨ, ਮੈਂ ਨਹੀਂ ਛੇਕਦਾ। ਮੈਂ ਉਨ੍ਹਾਂ ਨੂੰ ਆਪਣੇ ਭਾਈ ਸਮਝਦਾ ਹਾਂ। ਬਿਲਕੁਲ! ਮੈਨੂੰ ਪਰਵਾਹ ਨਹੀਂ ਭਾਵੇਂ ਤੁਸੀਂ ਬਿਲਕੁਲ ਵੀ ਬਪਤਿਸਮਾ ਨਾ ਲਿਆ ਹੋਵੇ, ਭਾਵੇਂ ਤੁਸੀਂ "ਸ਼ਰੋਨ ਦੇ ਗੁਲਾਬ, ਘਾਟੀ ਦੇ ਫੁੱਲ, ਅਤੇ ਸਵੇਰ ਦੇ ਤਾਰੇ" ਦੇ ਨਾਮ ਵਿੱਚ ਬਪਤਿਸਮਾ ਲਿਆ ਹੋਵੇ, ਇਹ ਨਹੀਂ ਹੋਵੇਗਾ...ਇਹ ਓਨਾ ਹੀ ਚੰਗਾ ਹੋਵੇਗਾ ਜਿੰਨਾ "ਪਿਤਾ, ਪੁੱਤਰ, ਪਵਿੱਤਰ ਆਤਮਾ" ਹੈ। ਸਿਰਫ਼ ਤਿੰਨ ਸਿਰਲੇਖ। ਉਹ ਸ਼ਰੋਨ ਦਾ ਗੁਲਾਬ ਸੀ। ਕੀ ਉਹ ਸੀ? ਘਾਟੀ ਦੀ ਫੁੱਲ, ਸਵੇਰ ਦਾ ਤਾਰਾ, ਉਹ ਸਭ ਸੀ। ਯਕੀਨਨ, ਉਹ ਸੀ। ਸਿਰਫ਼ ਇੱਕ ਚੀਜ਼ ਜਾਂ ਕੋਈ ਹੋਰ। ਪਰ ਇੱਥੇ ਉਹ ਹੈ ਜੋ ਇਹ ਹੈ: ਵਚਨ ਦਾ ਸਹੀ ਤਰੀਕਾ ਯਿਸੂ ਮਸੀਹ ਦੇ ਨਾਮ ਵਿੱਚ ਹੈ। ਜੇ ਤੁਸੀਂ ਵਚਨ ਦੇ ਅਨੁਸਾਰ ਚਾਹੁੰਦੇ ਹੋ, ਤਾਂ ਇਹ ਬਿਲਕੁਲ ਇਸੇ ਤਰ੍ਹਾਂ ਹੈ। ਇਹ ਸਹੀ ਤਰੀਕਾ ਹੈ।

289 ਹੁਣ, ਜੇਕਰ ਤੁਸੀਂ "ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ" ਦੇ ਨਾਮ ਵਿੱਚ ਬਪਤਿਸਮਾ ਲਿਆ ਹੈ, ਇੰਝ ਲੱਗਦਾ ਹੈ ਕਿ ਇਹ ਸਭ ਠੀਕ ਹੈ, ਆਮੀਨ। ਜੇ ਇਹ ਪਰਮੇਸ਼ੁਰ ਲਈ ਇੱਕ ਸ਼ੁੱਧ ਅੰਤਹਕਰਨ ਵੱਲੋਂ ਇੱਕ ਚੰਗਾ ਜਵਾਬ ਹੈ, ਆਮੀਨ। ਤਾਂ ਸਿੱਧੇ ਅੱਗੇ ਜਾਓ, ਵੇਖੋ।

290 ਪਰ ਜਿੱਥੋਂ ਤੱਕ ਮੇਰਾ ਵਿਚਾਰ ਹੈ, ਜਿੱਥੋਂ ਤੱਕ ਮੇਰੀ ਗੱਲ ਹੈ, ਜੇ ਤੁਸੀਂ ਮੈਨੂੰ ਪੁੱਛੋ, ਕਹੋ, "ਭਾਈ ਬ੍ਰਨਹਾਮ, ਕੀ ਮੈਨੂੰ ਦੁਬਾਰਾ ਬਪਤਿਸਮਾ ਲੈਣਾ ਚਾਹੀਦਾ

ਹੈ?” ਮੈਂ ਕਹਾਂਗਾ, “ਹਾਂ,” ਮੇਰੇ ਹਿਸਾਬ ਨਾਲ।

291 ਛੋਟੀ ਔਰਤ ਉਸ ਦਿਨ ਇੱਥੇ ਆਈ, ਕਿਹਾ, “ਪ੍ਰਭੂ ਨੇ ਮੈਨੂੰ ਪ੍ਰਚਾਰਕ ਬਣਨ ਲਈ ਬੁਲਾਇਆ ਹੈ।” ਮੈਂ ਇਸ ਤੇ ਵਿਸ਼ਵਾਸ ਨਹੀਂ ਕੀਤਾ, ਇਸ ਤੋਂ ਵੱਧ ਨਹੀਂ ਜਿੰਨਾ ਮੈਂ ਵਿਸ਼ਵਾਸ ਕਰਦਾ ਹਾਂ ਕਿ—ਕਿ ਉਹ ਚੰਦ ਨੂੰ ਛਾਲ ਮਾਰ ਕੇ ਟੱਪ ਸਕਦੀ ਹੈ। ਅਤੇ ਉਹ…

292 ਮੈਂ ਕਿਹਾ, “ਅੱਛਾ, ਇਹ ਬਹੁਤ ਵਧੀਆ ਹੈ, ਭੈਣ।” ਮੈਂ ਕਿਹਾ, “ਕੀ ਤੁਸੀਂ ਸ਼ਾਦੀਸ਼ੁਦਾ ਹੋ?”

“ਹਾਂ।”

“ਦੋ ਬੱਚੇ ਹਨ?”

“ਹਾਂ।”

ਮੈਂ ਕਿਹਾ, “ਕੀ…? ਕੀ ਤੁਹਾਡਾ ਪਤੀ ਬਚ ਗਿਆ ਹੈ?”

“ਨਹੀਂ।”

ਮੈਂ ਕਿਹਾ, “ਤੁਸੀਂ ਉਸ ਨਾਲ ਕੀ ਕਰੋਗੇ?”

“ਉਸ ਨੂੰ ਘਰ ਵਿੱਚ ਛੱਡ ਦਿਆਂਗੀ।”

293 ਮੈਂ ਕਿਹਾ, “ਇਹ ਸ਼ੈਤਾਨ ਦੀ ਹੁਣ ਤੱਕ ਦੀ ਸਭ ਤੋਂ ਵਧੀਆ ਕੁੰਡੀ ਹੈ। ਤੁਸੀਂ ਸ਼ੁਰੂਆਤ ਤੋਂ ਹੀ ਇੱਕ ਸੁੰਦਰ ਇਸਤ੍ਰੀ ਹੋ, ਅਤੇ ਤੁਸੀਂ ਇੱਥੇ ਸੇਵਾ ਖੇਤਰ ਵਿੱਚ ਨਿਕਲ ਰਹੇ ਹੋ, ਤੁਸੀਂ ਸ਼ੈਤਾਨ ਲਈ ਇੱਕ ਆਮ ਕੁੰਡੀ ਅਤੇ ਇੱਕ ਨਿਸ਼ਾਨਾ ਬਣ ਜਾਓਗੇ। ਅਤੇ ਤੁਹਾਡਾ ਪਤੀ, ਘਰ ਵਿੱਚ, ਇੱਕ ਨੌਜਵਾਨ, ਅਤੇ ਤੁਸੀਂ ਉਸਨੂੰ ਇਹਨਾਂ ਦੋ ਬੱਚਿਆਂ ਨਾਲ ਛੱਡ ਰਹੇ ਹੋ; ਉਹ ਕਿਸੇ ਹੋਰ ਔਰਤ ਨਾਲ ਭੱਜਣਾ ਸ਼ੁਰੂ ਕਰ ਦੇਵੇਗਾ, ਅਤੇ ਇਹਨਾਂ ਬੱਚਿਆਂ ਕੋਲ ਥੋੜੇ ਦਿਨਾਂ ਵਿੱਚੋਂ ਇੱਕ ਹੋਰ ਪਿਤਾ ਹੋਵੇਗਾ।” ਮੈਂ ਕਿਹਾ, “ਪਹਿਲੀ ਗੱਲ, ਜੇ ਪਰਮੇਸ਼ੁਰ ਨੇ ਇੱਕ ਔਰਤ ਨੂੰ ਬੁਲਾਇਆ ਹੈ, ਤਾਂ ਉਸਨੇ ਆਪਣੇ ਬਚਨ ਦਾ ਖੰਡਨ ਕੀਤਾ ਹੈ।” ਮੈਂ ਕਿਹਾ, “ਹੁਣ, ਜੇ ਤੁਸੀਂ ਚਾਹੁੰਦੇ ਹੋ, ਤਾਂ ਇਹ ਸਭ ਠੀਕ ਹੈ।” ਮੈਂ ਕਿਹਾ, “ਹੁਣ, ਵਿਚਾਰਾਂ ਨੂੰ ਜਾਂਚਣਾ, ਤੁਸੀਂ ਕਹਿੰਦੇ ਹੋ ਕਿ ਪ੍ਰਭੂ ਨੇ ਤੁਹਾਨੂੰ ਵਿਚਾਰਾਂ ਨੂੰ ਜਾਂਚਣ ਦਾ ਦਾਨ ਦਿੱਤਾ ਹੈ। ਕੀ ਤੁਸੀਂ ਬਾਹਰ ਜਾਣਾ ਚਾਹੁੰਦੇ ਹੋ, ਮੰਚ ਤੇ, ਅਤੇ ਇਸਨੂੰ ਅਜ਼ਮਾਉਣਾ ਚਾਹੁੰਦੇ ਹੋ?”

294 ਉਸ ਨੇ ਕਿਹਾ, “ਹਾਂ।” ਅਤੇ ਤੁਸੀਂ ਵੇਖ ਰਹੇ ਹੋ ਕਿ ਕੀ ਹੋਇਆ ਹੈ।

295 ਤੁਸੀਂ ਦੇਖੋ, ਇਹ ਜੋਸ਼ ਹੈ। ਇਸ ਨੂੰ ਵਚਨ ਵਿੱਚ ਆਉਣਾ ਚਾਹੀਦਾ ਹੈ। ਜੇਕਰ ਇਹ ਵਚਨ ਵਿੱਚ ਨਹੀਂ ਹੈ, ਤਾਂ ਇਹ ਸਹੀ ਨਹੀਂ ਹੈ। ਮੈਨੂੰ ਪਰਵਾਹ

ਨਹੀਂ ਕਿ ਤੁਹਾਡੀਆਂ ਭਾਵਨਾਵਾਂ ਕੀ ਹਨ, ਇਹ ਸਹੀ ਨਹੀਂ ਹੈ। ਆਮੀਨ! ਇਹ ਚੰਗਾ ਲੱਗ ਰਿਹਾ ਹੈ। ਆਮੀਨ!

296 ਠੀਕ ਹੈ:

ਅਸੀਂ ਉਜਾਲੇ ਵਿੱਚ ਚਲਾਂਗੇ, ਐਸਾ ਸੁੰਦਰ ਉਜਾਲਾ,
ਉੱਥੇ ਆਓ ਜਿੱਥੇ ਦਯਾ ਦੀਆਂ ਤ੍ਰੇਲ ਦੀਆਂ ਬੂੰਦਾਂ ਚਮਕਦੀਆਂ ਹਨ;
ਦਿਨ ਅਤੇ ਰਾਤ ਸਾਡੇ ਚੁਫੇਰੇ ਚਮਕਦੀਆਂ ਹਨ,
ਯਿਸੂ, ਜਗਤ ਦਾ ਉਜਾਲਾ ਹੈ।

ਉਜਾਲੇ ਦੇ ਸਾਰੇ ਸੰਤ ਐਲਾਨ ਕਰਦੇ ਹਨ,
ਯਿਸੂ, ਜਗਤ ਦਾ ਉਜਾਲਾ ਹੈ;
ਫਿਰ ਸਵਰਗ ਦੀਆਂ ਘੰਟੀਆਂ ਵੱਜਣਗੀਆਂ,
ਯਿਸੂ, ਜਗਤ ਦਾ ਉਜਾਲਾ ਹੈ।

ਅਸੀਂ ਉਜਾਲੇ ਵਿੱਚ ਚਲਾਂਗੇ, ਐਸਾ ਸੁੰਦਰ ਉਜਾਲਾ,
ਆਉ ਜਿੱਥੇ ਤ੍ਰੇਲ ਦੀਆਂ ਬੂੰਦਾਂ…
ਦਿਨ ਅਤੇ ਰਾਤ ਸਾਡੇ ਚੁਫੇਰੇ ਚਮਕਦੀਆਂ ਹਨ,
ਯਿਸੂ, ਉਜਾਲਾ ਹੈ…

297 ਹੁਣ ਮੈਂ ਚਾਹੁੰਦਾ ਹਾਂ ਕਿ ਹਰ ਕੋਈ ਮੁੜੇ ਅਤੇ ਹਰ ਕਿਸੇ ਨਾਲ, ਚਾਰੇ ਪਾਸੇ, ਹੱਥ ਮਿਲਾਵੇ, ਜਦ ਅਸੀਂ ਇਸਨੂੰ ਦੁਬਾਰਾ ਗਾਉਂਦੇ ਹਾਂ:

ਅਸੀਂ ਉਜਾਲੇ ਵਿੱਚ ਚੱਲਾਂਗੇ, ਸੁੰਦਰ ਉਜਾਲੇ ਵਿੱਚ, (ਆਮੀਨ!)
ਆਓ ਜਿੱਥੇ ਦਯਾ ਦੀਆਂ ਤ੍ਰੇਲ ਦੀਆਂ ਬੂੰਦਾਂ ਚਮਕਦੀਆਂ ਹਨ;
ਦਿਨ ਅਤੇ ਰਾਤ ਸਾਡੇ ਚੁਫੇਰੇ ਚਮਕਦੀਆਂ ਹਨ,
ਯਿਸੂ, ਉਜਾਲਾ ਹੈ…

298 ਕੀ ਤੁਸੀਂ ਮੈਥੋਡਿਸਟਾਂ ਨੂੰ ਪ੍ਰੇਮ ਕਰਦੇ ਹੋ? ਕਹੋ, "ਆਮੀਨ।" [ਕਲੀਸਿਯਾ ਕਹਿੰਦੀ ਹੈ, "ਆਮੀਨ।"—ਸੰਪਾ.] ਬੈਪਟਿਸਟਾਂ ਨੂੰ? ਪ੍ਰੈਸਬੀਟੇਰੀਅਨਾਂ ਨੂੰ? ਕੈਥੋਲਿਕਾਂ ਨੂੰ?…ਓਹ, ਕੀ ਤੁਸੀਂ ਉਹਨਾਂ ਸਾਰਿਆਂ ਨੂੰ ਪ੍ਰੇਮ ਕਰਦੇ ਹੋ? ਕਹੋ, "ਆਮੀਨ।" ["ਆਮੀਨ।"]

ਅਸੀਂ ਉਜਾਲੇ ਵਿੱਚ ਚੱਲਾਂਗੇ, ਸੁੰਦਰ…

ਹੱਥ ਮਿਲਾਉਂਦੇ ਹੋਏ, ਜਿਵੇਂ ਅਸੀਂ ਜਾ ਰਹੇ ਹਾਂ।

ਔਹ, ਆਓ ਜਿੱਥੇ ਦਯਾ ਦੀਆਂ ਤ੍ਰੇਲ ਦੀਆਂ ਬੂੰਦਾਂ
ਚਮਕਦੀਆਂ ਹਨ;
ਦਿਨ ਅਤੇ ਰਾਤ ਸਾਡੇ ਚੁਫੇਰੇ ਚਮਕਦੀਆਂ ਹਨ,
ਯਿਸੂ, ਉਜਾਲਾ ਹੈ...

299 ਇਸ ਤੋਂ ਪਹਿਲਾਂ ਕਿ ਅਸੀਂ ਆਪਣਾ ਆਖਰੀ ਗੀਤ ਗਾਈਏ...ਹੁਣ, ਇਹ ਸੰਭਵ ਹੈ ਕਿ ਮੈਂ ਐਤਵਾਰ ਨੂੰ ਦੁਬਾਰਾ ਇੱਥੇ ਹੋਵਾਂਗਾ। ਹੁਣ, ਉਸ ਤੋਂ ਬਾਅਦ ਮੈਂ ਕ੍ਰਿਸਮਸ ਦੇ ਬਾਅਦ ਤਕ ਵਾਪਸ ਨਹੀਂ ਆਵਾਂਗਾ। ਦੇਖੋ, ਕਿਉਂਕਿ ਮੈਂ ਮਿਸ਼ੀਗਨ ਜਾ ਰਿਹਾ ਹਾਂ, ਮਿਸ਼ੀਗਨ ਤੋਂ ਕੋਲੋਰਾਡੋ, ਕੋਲੋਰਾਡੋ ਤੋਂ ਆਈਡਾਹੋ, ਆਇਡਾਹੋ ਤੋਂ ਕੈਲੀਫੋਰਨੀਆ ਵਿੱਚ, ਅਤੇ ਅਸੀਂ ਵਾਪਸ ਆਵਾਂਗੇ। ਅਤੇ ਇਹ ਸੰਭਵ ਹੈ (ਮੈਂ ਚਾਹੁੰਦਾ ਹਾਂ ਕਿ ਤੁਸੀਂ ਮੇਰੇ ਲਈ ਪ੍ਰਾਰਥਨਾ ਕਰੋ) ਮੈਂ ਵਾਟਰਲੂ, ਆਇਓਵਾ ਵਿੱਚ ਹੋਵਾਂਗਾ, ਚੌਵੀ ਜਨਵਰੀ ਤੋਂ ਸ਼ੁਰੂ ਹੋ ਕੇ ਦੋ ਫਰਵਰੀ ਤੱਕ। ਦੇਖੋ, ਉਥੇ ਉਹ ਵੱਡਾ ਅਖਾੜਾ ਹੈ, ਮੈਨੂੰ ਬਸ ਕੁਝ ਸਮਾਂ ਪਹਿਲਾਂ ਹੀ ਬੁਲਾਵਾ ਆਇਆ ਸੀ, ਅਤੇ ਪ੍ਰਾਰਥਨਾ ਕਰਨ ਲਈ ਮੇਰੇ ਕੋਲ ਹੁਣ ਤੋਂ ਐਤਵਾਰ ਤੱਕ ਦਾ ਸਮਾਂ ਹੈ। ਦੇਖੋ, ਵਾਟਰਲੂ, ਆਇਓਵਾ ਵਿੱਚ, ਜੋ ਹੁਣ ਨੇੜੇ ਹੈ।

300 ਪਰ ਹੁਣ, ਯਾਦ ਰੱਖੋ, ਸ਼ਨੀਵਾਰ ਸਵੇਰੇ, ਨੌਂ ਵਜੇ ਭਾਈ ਦਾ ਪ੍ਰਸਾਰਣ ਸੁਣਨਾ। ਅਸੀਂ ਉਸਨੂੰ ਟੈਲੀਫੋਨ ਕਰਾਂਗੇ ਅਤੇ ਉਸਨੂੰ ਦੱਸਾਂਗੇ। ਅਤੇ ਇਹ WLRP ਤੇ ਪ੍ਰਸਾਰਿਤ ਹੋਵੇਗਾ, ਨੇਵਿਲ ਜੁਗਲਬੰਦੀ ਨੌਂ ਵਜੇ ਹੋਵੇਗੀ, ਸ਼ਨੀਵਾਰ ਸਵੇਰੇ। ਅਸੀਂ ਕਰਾਂਗੇ...ਜੇ ਮੈਂ—ਮੈਂ ਉਨ੍ਹਾਂ ਨੂੰ ਨਹੀਂ ਲੈ ਸਕਿਆ, ਤਾਂ ਭਾਈ ਨੇਵਿਲ ਉਹਨਾਂ ਪ੍ਰਸ਼ਨਾਂ ਨੂੰ ਖਤਮ ਕਰਨਗੇ। ਕੀ ਤੁਸੀਂ ਕਰੋਗੇ, ਭਾਈ ਨੇਵਿਲ, ਐਤਵਾਰ ਦੀ ਸਵੇਰ ਲਈ? [ਭਾਈ ਨੇਵਿਲ ਹੱਸਦੇ ਹਨ ਅਤੇ ਕਹਿੰਦੇ ਹਨ, "ਵੱਡਾ ਹੁਕਮ ਹੈ!"—ਸੰਪਾ.] ਖੈਰ, ਦੇਖੋ, ਜੇ ਤੁਸੀਂ ਮੁਸੀਬਤ ਵਿੱਚ ਪੈ ਜਾਓਗੇ, ਤਾਂ ਮੈਂ ਤੁਹਾਡੇ ਨਾਲ ਚੱਲਾਂਗਾ। ਉਹ ਦੇਖ ਲਵੇਗਾ। ਠੀਕ ਹੈ।

301 ਠੀਕ ਹੈ:

ਯਿਸੂ ਦੇ ਨਾਮ ਨੂੰ ਆਪਣੇ ਨਾਲ ਲੈ,
ਦੁੱਖ ਅਤੇ ਸੋਗ ਦੇ ਪੁੱਤਰ;
ਇਹ ਤੁਹਾਨੂੰ ਆਨੰਦ ਅਤੇ ਦਿਲਾਸਾ ਦੇਵੇਗਾ,
ਔਹ, ਜਿੱਥੇ ਵੀ ਤੁਸੀਂ ਜਾਂਦੇ ਹੋ ਇਸ ਨੂੰ ਉਸ ਥਾਂ ਲੈ ਜਾਓ।

ਬਹੁਮੁੱਲਾ ਨਾਮ, ਔਹ ਕਿੰਨਾ ਮਿੱਠਾ!
ਧਰਤੀ ਦੀ ਆਸ ਅਤੇ ਸਵਰਗ ਦਾ ਅਨੰਦ;
ਬਹੁਮੁੱਲਾ ਨਾਮ, (ਬਹੁਮੁੱਲਾ ਨਾਮ!) ਔਹ ਕਿੰਨਾ ਮਿੱਠਾ!
(ਕਿੰਨਾ ਮਿੱਠਾ!)

ਧਰਤੀ ਦੀ ਆਸ ਅਤੇ ਸਵਰਗ ਦਾ ਅਨੰਦ।

302 ਹੁਣ, ਜੇ ਤੁਸੀਂ ਇੱਕ ਬੈਪਟਿਸਟ ਨੂੰ ਜਾਣਨਾ ਚਾਹੁੰਦੇ ਹੋ ਜੋ ਚੀਕਣ ਵਿੱਚ ਵਿਸ਼ਵਾਸ ਕਰਦਾ ਹੈ, ਤਾਂ ਇਹ ਉਹੋ ਜਿਹਾ ਚੀਕਣਾ ਹੈ ਜਿਸ ਵਿੱਚ ਮੈਂ ਵਿਸ਼ਵਾਸ ਕਰਦਾ ਹਾਂ। ਉਹ ਬੁੱਢੀ ਮਾਂ ਬਸ ਉੱਥੇ ਬੈਠੀ ਹੋਈ ਸੀ, ਅਤੇ ਆਤਮਾ ਉਸ ਉੱਤੇ ਉਤਰਿਆ। ਉਸਨੇ ਚੀਕਣਾ ਸ਼ੁਰੂ ਕਰ ਦਿੱਤਾ, ਉਹ ਇਸਨੂੰ ਰੋਕ ਨਹੀਂ ਸਕੀ, ਉਹ ਪਿੱਛੇ ਮੁੜੀ ਅਤੇ ਆਪਣੀ ਧੀ ਨੂੰ ਜੱਫੀ ਪਾ ਲਈ। ਮੈਂ ਇਸ ਨੂੰ ਇਸੇ ਤਰ੍ਹਾਂ ਵੇਖਣਾ ਪਸੰਦ ਕਰਦਾ ਹਾਂ। ਆਮੀਨ। ਇਹ ਅਸਲ ਵਿੱਚ ਚੰਗੀਆਂ, ਪੁਰਾਣੇ ਜ਼ਮਾਨੇ ਦੀਆਂ, ਦਿਲ ਤੋਂ ਮਹਿਸੂਸ ਕਰਨ ਵਾਲੀਆਂ ਭਾਵਨਾਵਾਂ ਹਨ। ਔਹ, ਮੇਰੇ, ਇੱਕ ਪੁਰਾਣਾ—ਇੱਕ ਪੁਰਾਣਾ, ਤਜਰਬੇਕਾਰ, ਪੱਕਾ ਸੰਤ, ਮਹਿਮਾ ਦੇ ਘਰ ਜਾਣ ਲਈ ਤਿਆਰ ਹੈ। ਬਸ ਬੁਲਾਵੇ ਦੀ ਉਡੀਕ ਕਰ ਰਿਹਾ ਹੈ, ਤੁਸੀਂ ਦੇਖੋ, ਬਸ ਇੱਕ ਸ਼ਾਨਦਾਰ ਸਮਾਂ ਬਿਤਾ ਰਿਹਾ ਹੈ।

ਠੀਕ ਹੈ, ਹੁਣ ਭਾਈ ਨੇਵਿਲ, ਜੋ ਵੀ ਉਹ ਕਰਨਾ ਚਾਹੁੰਦਾ ਹੈ।

57-0925 ਪ੍ਰਸ਼ਨ ਅਤੇ ਉੱਤਰ ਇਬਰਾਨੀਆਂ ਭਾਗ 1
ਬ੍ਰਾਨਹਾਮ ਟੇਬਰਨੇਕਲ
ਜੈਫਰਸਨਵਿਲੇ, ਇੰਡੀਆਨਾ ਸੰਯੁਕਤ ਰਾਜ ਅਮਰੀਕਾ

PUNJABI

©2024 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

## ਕਾਪੀਰਾਈਟ ਨੋਟਿਸ

ਸਾਰੇ ਹੱਕ ਰਾਖਵੇਂ ਹਨ । ਇਹ ਕਿਤਾਬ ਨਿਜੀ ਵਰਤੋਂ ਜਾਂ ਯਿਸੂ ਮਸੀਹ ਦੇ ਸ਼ੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰਿੰਟਰ ਤੇ ਛਾਪੀ ਜਾ ਸਕਦੀ ਹੈ । ਇਹ ਕਿਤਾਬ ਵੋਇਸ ਆਫ ਗੋਡ ਰਿਕਾਰਡਿੰਗਜ® ਵਲੋਂ ਲਿਖਤੀ ਇਜ਼ਾਜ਼ਤ ਦੇ ਬਿਨਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਿਸੇ ਵੈਬਸਾਈਟ ਤੇ ਪੋਸਟ, ਕਿਸੇ ਰੀਟਰੀਵਲ ਸਿਸਟਮ ਤੇ ਸਟੋਰ, ਕਿਸੇ ਹੋਰ ਭਾਸ਼ਾ ਵਿੱਚ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ ।

ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਿਰਪਾ ਕਰੇ ਸੰਪਰਕ ਕਰੋ:



VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org